DAILY
LOK BANI
PUNJABI NEWSPAPER
ਲੋਕ tv ਬਾਣੀ


AMAN MEHRA (CHIEF EDITOR)

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਬੁੱਧਵਾਰ, 18 ਸਤੰਬਰ 2024
Email:- lokbani08@gmail.com

**ਅੱਜ ਦਾ ਸ਼ੁਭ ਵਿਚਾਰ**



ਜਦੋਂ ਇਕੱਲੇ ਹੋਵੋ ਤਾਂ ਅਪਣੇ ਖਿਆਲਾਂ ਦਾ ਧਿਆਨ ਰੱਖੋ, ਜਦੋਂ ਲੋਕਾਂ ਵਿੱਚ ਹੋਵੋ ਤਾਂ ਅਪਣੇ ਸ਼ਬਦਾਂ ਦਾ ਧਿਆਨ ਰੱਖੋ

ਕਿਮੀ ਅਰੋੜਾ

ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 * ਸਾਲ 16 , * ਅੰਕ : 100, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181–2211009 * M : 99155-94111

## 16 ਲੋਕਾਂ ਦੀ ਹੋਈ ਇਜ਼ਰਾਈਲ ਹਵਾਈ ਹਮਲੇ ਵਿਚ ਮੌਤ

**ਯੇਰੂਸ਼ਲਮ ਲੋਕ ਬਾਣੀ**-,-ਗਾਜ਼ਾ ਪੱਟੀ 'ਤੇ ਇਜ਼ਰਾਇਲੀ ਫੌਜ ਵੱਲੋਂ ਕੀਤੇ ਹਵਾਈ ਹਮਲਿਆਂ 'ਚ 16 ਵਿਅਕਤੀ ਮਾਰੇ ਗਏ। ਮ੍ਰਿਤਕਾਂ 'ਚ ਚਾਰ ਔਰਤਾਂ ਅਤੇ ਚਾਰ ਬੱਚੇ ਸ਼ਾਮਲ ਹਨ। ਨੁਸਰਤ ਸ਼ਰਨਾਰਥੀ ਕੈਂਪ 'ਤੇ ਅੱਜ ਤੜਕੇ ਕੀਤੇ ਹਮਲੇ 'ਚ ਘਰ ਮਲਬਾ ਬਣ ਗਿਆ, ਜਿਸ 'ਚ ਚਾਰ ਔਰਤਾਂ ਅਤੇ ਦੋ ਬੱਚਿਆਂ ਸਮੇਤ 10 ਵਿਅਕਤੀ ਮਾਰੇ ਗਏ। ਅਵਦਾ ਹਸਪਤਾਲ ਮੁਤਾਬਕ ਇਸ ਹਮਲੇ 'ਚ 13 ਹੋਰ ਵਿਅਕਤੀ ਜ਼ਖ਼ਮੀ ਹੋਏ ਹਨ, ਜੋ ਜ਼ੇਰੇ



ਇਲਾਜ ਹਨ।
ਇਜ਼ਰਾਇਲੀ ਫੌਜ ਵੱਲੋਂ ਗਾਜ਼ਾ ਸ਼ਹਿਰ 'ਚ ਕੀਤੇ ਗਏ ਹੋਰ ਹਮਲੇ 'ਚ ਔਰਤ ਅਤੇ ਦੋ ਬੱਚਿਆਂ ਸਮੇਤ ਛੇ ਵਿਅਕਤੀ ਮਾਰੇ ਗਏ।

## ਕੇਜਰੀਵਾਲ ਨੇ ਅਸਤੀਫਾ ਦੇ ਆਪਣੀ ਸਹਿਯੋਗੀ ਆਤਿਸ਼ੀ ਨੂੰ ਬਣਾਇਆ ਮੁੱਖ ਮੰਤਰੀ

**ਦਿੱਲੀ , ਲੋਕ ਬਾਣੀ**--ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਦੀ ਥਾਂ ਹਾਕਮ ਧਿਰ ਆਮ ਆਦਮੀ ਪਾਰਟੀ (ਆਪ) ਨੇ ਪਾਰਟੀ ਦੀ ਸੀਨੀਅਰ ਆਗੂ ਆਤਿਸ਼ੀ ਨੂੰ ਮੁੱਖ ਮੰਤਰੀ ਵਜੋਂ ਚੁਣਿਆ ਹੈ।
ਕੇਜਰੀਵਾਲ ਵੱਲੋਂ ਦਿੱਲੀ ਦੇ ਉਪ ਰਾਜਪਾਲ (ਐੱਲਜੀ) ਵੀਕੇ ਸਕਸੈਨਾ ਨੂੰ ਅਸਤੀਫ਼ਾ ਸੌਂਪੇ ਜਾਣ ਤੋਂ ਬਾਅਦ,



'ਆਪ' ਵੱਲੋਂ ਉਨ੍ਹਾਂ ਦੇ ਜਾਨਸ਼ੀਨ ਵਜੋਂ ਚੁਣੀ ਗਈ ਪਾਰਟੀ ਦੀ ਸੀਨੀਅਰ ਆਗੂ ਆਤਿਸ਼ੀ ਨੇ ਨਵੀਂ ਸਰਕਾਰ ਬਣਾਉਣ ਲਈ ਆਪਣਾ ਦਾਅਵਾ ਐੱਲਜੀ ਅੱਗੇ ਪੇਸ਼ ਕੀਤਾ।

## ਜੰਮੂ ਕਸ਼ਮੀਰ ਵਿਚ ਸੱਤ ਜ਼ਿਲਿਆਂ ਵਿਚ ਵੋਟਾਂ ਦੀ ਤਿਆਰੀ ਮੁਕੰਮਲ

ਜੰਮੂ ਕਸ਼ਮੀਰ, ਲੋਕ ਬਾਣੀ--ਜੰਮੂ ਕਸ਼ਮੀਰ ਦੇ ਸੱਤ ਜ਼ਿਲ੍ਹਿਆਂ ਦੇ ਵੋਟਰ 10 ਸਾਲਾਂ ਵਿਚ ਪਹਿਲੀ ਵਾਰ ਵੋਟ ਕਰਨ ਜਾ ਰਹੇ ਹਨ। ਕੇਂਦਰ ਸਾਸ਼ਿਤ ਸੂਬੇ ਵਿਚ ਬੁੱਧਵਾਰ ਨੂੰ ਪਹਿਲੇ ਪੜਾਅ ਤਹਿਤ ਚੋਣਾਂ ਦੀ ਤਿਆਰੀ ਮੁਕੰਮਲ ਹੋ ਚੁੱਕੀ ਹੈ। ਜੰਮੂ ਦੇ ਤਿੰਨ ਜ਼ਿਲ੍ਹੇ ਅਤੇ ਕਸ਼ਮੀਰ ਘਾਟੀ ਦੇ ਚਾਰ ਜ਼ਿਲ੍ਹਿਆਂ ਵਿਚ 90 ਆਜ਼ਾਦ ਉਮੀਦਵਾਰਾਂ ਸਮੇਤ ਕੁੱਲ 219 ਉਮੀਦਵਾਰ ਹਨ ਅਤੇ ਇਸ ਦੌਰਾਨ 23 ਲੱਖ ਤੋਂ ਜ਼ਿਆਦਾ




ਵੋਟਰ ਆਪਣੇ ਵੋਟ ਦੇ ਅਧਿਕਾਰੀ ਦੀ ਵਰਤੋਂ ਕਰਨਗੇ। ਅਗਸਤ 2019 ਵਿਚ ਧਾਰਾ 370 ਖ਼ਤਮ ਕੀਤੇ ਜਾਣ ਤੋਂ ਬਾਅਦ ਇਹ ਜੰਮੂ ਕਸ਼ਮੀਰ ਵਿਚ ਪਹਿਲੀ ਚੋਣ ਹੋਵੇਗੀ।

## ਭਾਰਤ ਨੇ ਪੰਜਵੀ ਵਾਰ ਜਿੱਤੀ ਏਸ਼ੀਅਨ ਚੈਂਪੀਅਨ ਟਰਾਫੀ

**ਹੁਲੁਨਬੂਈਰ ਲੋਕ ਬਾਣੀ**-, -ਭਾਰਤ ਨੇ ਲਗਾਤਾਰ ਦੂਜੀ ਤੇ ਪੰਜਵੀਂ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਜਿੱਤ ਲਈ ਹੈ। ਭਾਰਤ ਨੇ ਫਾਈਨਲ ਮੁਕਾਬਲੇ ਵਿਚ ਚੀਨ ਨੂੰ 1-0 ਨਾਲ ਹਰਾ ਦਿੱਤਾ ਹੈ। ਇਸ ਟੂਰਨਾਮੈਂਟ ਵਿਚ ਭਾਰਤ ਨੇ ਇਕ ਵੀ ਮੈਚ ਨਹੀਂ ਹਾਰਿਆ। ਫਾਈਨਲ ਮੁਕਾਬਲੇ ਦਾ ਇਕਮਾਤਰ ਗੋਲ ਭਾਰਤ ਦੇ ਜੁਗਰਾਜ ਸਿੰਘ ਨੇ ਮੈਚ ਦੇ 51ਵੇਂ ਮਿੰਟ ਵਿਚ ਕੀਤਾ ਜਦਕਿ ਚੀਨ ਦੀ ਟੀਮ ਕੋਈ ਗੋਲ ਨਾ ਕਰ ਸਕੀ। ਇਸ ਮੈਚ ਵਿਚ ਭਾਰਤ



ਨੂੰ ਚਾਰ ਜਦਕਿ ਚੀਨ ਨੂੰ ਪੰਜ ਪੈਨਲਟੀ ਕਾਰਨਰ ਮਿਲੇ ਪਰ ਦੋਵੇਂ ਟੀਮਾਂ ਇਸ ਨੂੰ ਗੋਲ ਵਿਚ ਨਾ ਬਦਲ ਸਕੀਆਂ। ਇਸ ਤੋਂ ਪਹਿਲਾਂ ਤੀਜੇ ਥਾਂ ਲਈ ਹੋਏ ਮੈਚ ਵਿਚ ਪਾਕਿਸਤਾਨ ਨੇ ਦੱਖਣੀ ਕੋਰੀਆ ਨੂੰ 5-2 ਨਾਲ ਹਰਾਇਆ।

## ਦੇਸ਼ ਵਿਚ ਬੁਲਡੋਜ਼ਰ ਦਾ ਡਰਾਵਾ ਦੇਣ ਤੇ ਬੁਲਡੋਜ਼ਰ ਚਲਾਉਣ ਤੇ ਸੁਪਰੀਮ ਕੋਰਟ ਨੇ ਲਾਈ ਰੋਕ

**ਚੰਡੀਗੜ੍ਹ, ਵਿਨੋਦ ਸ਼ਰਮਾ**--: ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਅਹਿਮ ਹੁਕਮ ਜਾਰੀ ਕਰਦਿਆਂ ਦੇਸ਼ ਭਰ ਵਿਚ ਸਿਖਰਲੀ ਅਦਾਲਤ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਜਾਇਦਾਦਾਂ ਦੀ ਢਾਹ-ਢੁਹਾਈ (ਬੁਲਡੋਜ਼ਰ ਇਨਸਾਫ਼) ਉਤੇ ਪਾਬੰਦੀ ਲਾ ਦਿੱਤੀ ਹੈ। ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ ਇਹ ਹੁਕਮ ਜਾਰੀ ਕਰਦਿਆਂ ਕਿਹਾ ਕਿ ਕਿਸੇ ਤਰ੍ਹਾਂ ਦੇ ਜੁਰਮ ਵਿਚ ਸ਼ਾਮਲ ਮੁਲਜ਼ਮਾਂ ਦੀਆਂ ਉਸਾਰੀਆਂ ਭਾਵੇਂ ਉਹ ਨਾਜਾਇਜ਼ ਵੀ ਹੋਣ, ਉਨ੍ਹਾਂ ਨੂੰ ਅਦਾਲਤ ਦੀ ਅਗਾਊਂ



ਮਨਜ਼ੂਰੀ ਤੋਂ ਬਿਨਾਂ 1 ਅਕਤੂਬਰ ਤੱਕ ਹਰਗਿਜ਼ ਨਹੀਂ ਢਾਹਿਆ ਜਾ ਸਕੇਗਾ।
ਬੈਂਚ ਨੇ ਕਿਹਾ ਕਿ ਭਾਵੇਂ ਕੋਈ ਉਸਾਰੀ ਨਾਜਾਇਜ਼ ਵੀ ਹੋਵੇ, ਤਾਂ ਵੀ ਇਸ ਨੂੰ ਇੰਝ ਢਾਹੁਣਾ ਸਾਡੇ ਸੰਵਿਧਾਨ ਦੀ ਮੂਲ ਭਾਵਨਾ ਦੇ ਖ਼ਿਲਾਫ਼ ਹੈ।

## ਸੂਬੇ ਵਿਚ ਮਜ਼ਦੂਰ ਦੀ ਮੌਤ ਦੇ ਇਨਸਾਫ ਲਈ ਲਗਾਇਆ ਗਿਆ ਸੜਕ ਤੇ ਧਰਨਾ

ਸੁਨਾਮ, ਲੋਕ ਬਾਣੀ--ਬੀਤੇ ਕੱਲ ਸਥਾਨਕ ਪਟਿਆਲਾ ਮੁੱਖ ਮਾਰਗ ਤੇ ਹੋਏ ਸੜਕ ਹਾਦਸੇ ਚ ਮਰੇ 4 ਮਗਨਰੇਗਾ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਵਿੱਢਿਆ ਗਿਆ ਅਣਮਿੱਥੇ ਸਮੇਂ ਦਾ ਸੰਘਰਸ਼ ਅੱਜ ਦੂਜੇ ਦਿਨ ਵੀ ਜਾਰੀ ਰਿਹਾ। ਪੀੜਤ ਪਰਿਵਾਰਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਉਹ ਪ੍ਰਸ਼ਾਸਨ ਤੋਂ ਲਿਖਤੀ ਭਰੋਸਾ ਲੈਣ ਤੋਂ ਬਾਅਦ ਹੀ ਮ੍ਰਿਤਕ ਮਜ਼ਦੂਰਾਂ ਦਾ ਸਸਕਾਰ ਕਰਨਗੇ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੀ



ਮਜ਼ਦੂਰ ਜਥੇਬੰਦੀਆਂ ਦੇ ਸਮਰਥਨ ਵਿਚ ਆ ਗਈ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਮਰਦਾਂ ਤੇ ਔਰਤਾਂ ਨੇ ਪਿੰਡ ਬਿਸ਼ਨਪੁਰਾ (ਅਕਾਲਗੜ੍ਹ) ਵਿਖੇ ਕੌਮੀ ਮਾਰਗ ਤੇ ਮੁਕੰਮਲ ਚੱਕਾ ਜਾਮ ਕਰਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

## ਮੋਦੀ ਦੇ ਜਨਮ ਦਿਨ ਨੂੰ ਬੇਰੁਜ਼ਗਾਰੀ ਦਿਵਸ ਵਜੋਂ

**ਅਮ੍ਰਿਤਸਰ, ਲੋਕ ਬਾਣੀ** -ਪੂਰੇ ਦੇਸ਼ ਵਿਚ ਬੇਰੋਜ਼ਗਾਰੀ ਦਾ ਆਲਮ ਸਮਝ ਤੋਂ ਪਰੇ ਹੈ ਤੇ ਨੌਜਵਾਨ ਪੀੜੀ ਵਿਦੇਸ਼ਾਂ ਦਾ ਰੁੱਖ ਕਰ ਰਹੇ ਹਨ ਤੇ ਅੱਜ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਸ੍ਰੀ ਸ੍ਰੀਨਿਵਾਸ ਬੀ. ਵੀ. ਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਸ੍ਰੀ ਮੋਹਿਤ ਮਹਿੰਦਰਾ ਦੇ ਦਿਸ਼ਾ ਨਿਰਦੇਸ਼ ਤੇ ਯੂਥ ਕਾਂਗਰਸ ਅੰਮ੍ਰਿਤਸਰ ਸ਼ਹਿਰੀ ਇੰਚਾਰਜ ਮਨਪ੍ਰੀਤ ਚੱਢਾ ਤੇ ਰਾਹੁਲ ਕੁਮਾਰ ਪ੍ਰਧਾਨ ਯੂਥ ਕਾਂਗਰਸ ਅੰਮ੍ਰਿਤਸਰ ਸ਼ਹਿਰੀ ਦੀ ਅਗਵਾਈ 'ਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ



ਦੇ ਜਨਮ ਦਿਨ 'ਤੇ ਫ਼ਰੂਟ ਸਬਜ਼ੀ ਦੀ ਰੇਹੜੀ, ਬੂਟ ਪਾਲਿਸ਼, ਸਮੌਸੇ ਪਕੌੜੇ, ਰਿਕਸ਼ਾ ਰੇਹੜੀ ਚਲਾ ਕੇ ਬੇਰੁਜ਼ਗਾਰੀ ਦਿਵਸ ਦੇ ਤੌਰ 'ਤੇ ਮਨਾਇਆ ਗਿਆ। ਇਸ ਦੌਰਾਨ ਕਈ ਯੂਥ ਆਗੂ ਮੌਜੂਦ ਰਹੇ।

## ਫਗਵਾੜਾ ਚ ਭਗਵਾਨ ਵਾਲਮੀਕਿ ਜੀ ਦੇ ਪੋਸਟਰ ਬੇਅਦਬੀ ਮਾਮਲੇ ਵਿੱਚ ਮਾਹੌਲ ਹੋਇਆ ਗਰਮ

**ਫਗਵਾੜਾ,ਬੀ.ਡੀ ਸ਼ਰਮਾ** - ਭਗਵਾਨ ਸ੍ਰੀ ਵਾਲਮੀਕਿ ਜੀ ਦੇ ਪ੍ਰਕਾਸ਼ ਉਤਸਵ ਦੇ ਪਵਿੱਤਰ ਮੌਕੇ ਤੇ ਅਣਪਛਾਤੇ ਸ਼ਰਾਰਤੀ ਅਨਸਰਾਂ ਵਲੋਂ ਸ਼ਹਿਰ ਲਗਾਏ ਗਏ ਪੋਸਟਰ ਦੀ ਬੇਅਦਬੀ ਕਰਨ ਦਾ ਮਾਮਲਾ ਭਖਦਾ ਨਜ਼ਰ ਆ ਰਿਹਾ ਹੈ ਇਸ ਨੂੰ ਲੈ ਕੇ ਫਗਵਾੜਾ ਚ ਸਥਿਤੀ ਤਣਾਅਪੂਰਨ ਹੋ ਗਈ ਹੈ। ਮਾਮਲੇ ਦੀ ਜਾਣਕਾਰੀ ਮਿਲਦੇ ਹੀ ਸਮੂਹ ਵਾਲਮੀਕਿ ਭਾਈਚਾਰੇ ਸਮੇਤ ਧਰਮ ਪ੍ਰੇਮੀ ਲੋਕਾਂ ਵਿਚ ਭਾਰੀ ਗੁੱਸੇ ਅਤੇ ਰੋਸ ਦੀ ਲਹਿਰ ਫੈਲ ਗਈ। ਇਸ ਘਟਨਾ ਤੋਂ ਬਾਅਦ ਵਾਲਮੀਕਿ



ਭਾਈਚਾਰੇ ਦੇ ਪਤਵੰਤਿਆਂ ਨੇ ਗੁੱਸੇ ਅਤੇ ਰੋਸ ਚ ਸਥਾਨਕ ਸਿਨੇਮਾ ਰੋਡ ਤੇ ਧਰਨਾ ਲਗਾ ਰੋਸ ਪ੍ਰਦਰਸ਼ਨ ਕੀਤਾ

## ਪੰਜਾਬ ਵਿੱਚ ਅਮਨ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਵਿਅਕਤੀ ਨੂੰ ਅਗਵਾ ਕਰ ਕੀਤਾ ਗਿਆ ਕਤਲ

**ਜਲੰਧਰ , ਬਿੱਟੂ ਫੋਲੜੀਵਾਲ** -- ਪੰਜਾਬ ਵਿੱਚ ਆਪ ਦੀ ਸਰਕਾਰ ਆਉਣ ਤੋ ਬਾਅਦ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ ਹੁਣ ਜਲੰਧਰ ਜ਼ਿਲ੍ਹੇ ਦੇ ਪਿੰਡ ਕੰਗ ਸਾਹਬੂ ਤੋਂ ਅਣਪਛਾਤੇ ਕਾਰ ਸਵਾਰਾਂ ਨੇ ਇਕ ਐੱਨ. ਆਰ. ਆਈ. ਵਿਅਕਤੀ ਨੂੰ ਅਗਵਾ ਕਰ ਲਿਆ ਸੀ। ਜਿਸ ਦੀ ਹੁਣ ਕਤਲ ਕੀਤੀ ਲਾਸ਼ ਬਰਾਮਦ ਹੋਈ ਹੈ। ਸੂਤਰਾਂ ਮੁਤਾਬਕ ਇਸ ਮਾਮਲੇ ਵਿਚ 2 ਮੁਲ਼ਜ਼ਮਾਂ ਨੂੰ ਗ੍ਰਿਫ਼ਤਾਰ ਵੀ ਕੀਤਾ



ਗਿਆ ਹੈ। ਥਾਣਾ ਸਦਰ ਨਕੋਦਰ ਦੀ ਪੁਲਸ ਨੇ ਇਸ ਸੰਬੰਧੀ ਮਾਮਲਾ ਦਰਜ ਕੀਤਾ ਸੀ। ਸੂਤਰਾਂ ਅਨੁਸਾਰ ਐੱਨ. ਆਰ. ਆਈ. ਦਾ ਤੇਜ਼ਦਾਰ ਹਥਿਆਰਾਂ ਨਾਲ ਕਤਲ ਕੀਤਾ ਗਿਆ ਹੈ। ਜਿਸ ਦੀ ਲਾਸ਼ ਮੋਗਾ ਸਥਿਤ ਇਕ ਨਹਿਰ ਵਿਚੋਂ ਬਰਾਮਦ ਕੀਤੀ ਗਈ ਹੈ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜ਼ਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਲਾਡੋਵਾਲ ਟੋਲ ਪਲਾਜ਼ਾ ਨੂੰ ਅੱਜ ਤੋਂ ਮੁਫਤ ਕਰਨ ਦੇ ਐਲਾਨ ਨਾਲ ਜੁੜੀ ਵੱਡੀ ਅਪਡੇਟ




ਲੁਧਿਆਣਾ-(ਲੋਕ ਬਾਣੀ) ਪੰਜਾਬ ਦੇ ਸਭ ਤੋਂ ਮਹਿੰਗੇ ਲਾਡੋਵਾਲ ਟੋਲ ਪਲਾਜ਼ਾ ਦੇ ਮੁਲਾਜ਼ਮਾਂ ਨੇ ਅੱਜ ਤੋਂ ਟੋਲ ਪਲਾਜ਼ਾ ਮੁਕਤ ਕਰਨ ਦਾ ਐਲਾਨ ਟਾਲ ਦਿੱਤਾ ਹੈ। ਕੰਪਨੀ ਨੇ ਮੁਲਾਜ਼ਮਾਂ ਦੀਆਂ ਮੰਗਾਂ ਲਈ 4 ਦਿਨ ਦਾ ਸਮਾਂ ਮੰਗਿਆ ਹੈ, ਉਸ ਤੋਂ ਬਾਅਦ ਹੀ ਅਗਲੀ ਰਣਨੀਤੀ ਬਣਾਈ ਜਾਵੇਗੀ। ਮੁਲਾਜ਼ਮਾਂ ਨੇ 4 ਦਿਨਾਂ ਅੰਦਰ ਮੰਗਾਂ ਪੂਰੀਆਂ ਨਾ ਹੋਣ ’ਤੇ ਮੁੜ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਵੀ ਕੀਤਾ ਹੈ।

ਦੱਸ ਦੇਈਏ ਕਿ ਬੀਤੇ ਦਿਨ ਟੋਲ ਪਲਾਜ਼ਾ ਵਰਕਰ ਯੂਨੀਅਨ ਪੰਜਾਬ ਦੇ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਲਾਡੋਵਾਲ ਟੋਲ ਪਲਾਜ਼ਾ ਵਿਖੇ ਸਹਿਕਾਰ ਗਲੋਬਲ ਮੈਨੇਜਮੈਂਟ ਦੇ ਅਧਿਕਾਰੀਆਂ ਨਾਲ ਹੋਈ। ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੋਆਬਾ ਦੇ ਪ੍ਰਧਾਨ ਭਾਈ ਨਛੱਤਰ ਸਿੰਘ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਦੌਰਾਨ ਕੰਪਨੀ ਦੇ ਅਧਿਕਾਰੀਆਂ ਨਾਲ ਟੋਲ ਪਲਾਜ਼ਾ ਵਰਕਰ ਯੂਨੀਅਨ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ, ਜੋ ਲੰਬੇ ਸਮੇਂ ਤੋਂ ਲਟਕ ਰਹੀਆਂ ਹਨ। ਮੀਟਿੰਗ ਦੌਰਾਨ ਟੋਲ ਪਲਾਜ਼ਾ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ 17 ਸਤੰਬਰ ਨੂੰ ਲਾਡੋਵਾਲ ਟੋਲ ਪਲਾਜ਼ਾ ’ਤੇ ਟੋਲ ਫਰੀ ਕਰਨ ਦਾ ਲਿਆ ਗਿਆ ਫੈਸਲਾ ਵਾਪਸ ਲੈ ਲਿਆ ਗਿਆ ਹੈ।

ਮੀਟਿੰਗ ਦੌਰਾਨ ਪ੍ਰਧਾਨ ਨਛੱਤਰ ਸਿੰਘ ਅਤੇ ਬਚਿੱਤਰ ਸਿੰਘ ਨੇ ਦੱਸਿਆ ਕਿ ਕੰਪਨੀ ਵੱਲੋਂ ਉਨ੍ਹਾਂ ਦੀਆਂ ਕਈ ਮੰਗਾਂ ਮੰਨ ਲਈਆਂ ਜਾ ਰਹੀਆਂ ਹਨ ਪਰ ਕੁਝ ਮੰਗਾਂ ਅਜੇ ਵੀ ਕੰਪਨੀ ਵੱਲੋਂ ਨਹੀਂ ਮੰਨੀਆਂ ਜਾ ਰਹੀਆਂ, ਜਿਸ ਕਾਰਨ ਕੰਪਨੀ ਨੇ ਉਨ੍ਹਾਂ ਨੂੰ ਹੱਲ ਕਰਨ ਲਈ 4 ਦਿਨ ਦਾ ਸਮਾਂ ਦਿੱਤਾ ਹੈ। ਇਸ ਦੌਰਾਨ ਉਨ੍ਹਾਂ ਦੀਆਂ ਮੰਗਾਂ ਤੇ ਮੁੜ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਕੰਪਨੀ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੰਪਨੀ ਨੇ ਉਨ੍ਹਾਂ ਦੇ ਹੱਕ ਨਾ ਦਿੱਤੇ ਤਾਂ ਉਹ 4 ਦਿਨਾਂ ਬਾਅਦ ਮੁੜ ਸੰਘਰਸ਼ ਸ਼ੁਰੂ ਕਰਨਗੇ। ਇਸ ਮੌਕੇ ਪੰਕਜ ਕੁਮਾਰ, ਮਨਮੀਤ ਸਿੰਘ, ਰੋਹਿਤ ਕੁਮਾਰ, ਮਨੀ ਕੁਮਾਰ, ਸਿਮਰਨਪ੍ਰੀਤ ਕੌਰ, ਸੰਗੀਤਾ ਭਾਰਦਵਾਜ, ਕੁਲਜੀਤ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਦੇ ਨੌਜਵਾਨਾਂ ਨੇ ਉਤਰਾਖੰਡ ਚ ਰਚਿਆ ਵੱਡਾ ਘਪਲਾ !




ਚੰਡੀਗੜ੍ਹ- (ਲੋਕ ਬਾਣੀ) ਪੰਜਾਬ ਦੇ ਨੌਜਵਾਨਾਂ ਵੱਲੋਂ ਉਤਰਾਖੰਡ ਵਿੱਚ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਜਾਣਕਾਰੀ: ਹਰਿਦੁਆਰ ਸਥਿਤ ਬਾਲਾਜੀ ਜਵੈਲਰਜ਼ ਦੇ ਸ਼ੋਅਰੂਮ ਚ ਲੁੱਟ ਦੇ ਮਾਮਲੇ ਚ ਪੁਲਿਸ ਨੇ ਪੰਜਾਬ ਦੇ ਦੋ ਬਦਮਾਸ਼ਾਂ ਨੂੰ ਕਾਬੂ ਕੀਤਾ ਹੈ। ਇਨ੍ਹਾਂ ਬਦਮਾਸ਼ਾਂ ਕੋਲੋਂ ਕਰੀਬ 50 ਲੱਖ ਰੁਪਏ ਦੇ ਗਹਿਣੇ ਅਤੇ ਹਥਿਆਰ ਬਰਾਮਦ ਹੋਏ ਹਨ। ਉਸ ਦਾ ਇੱਕ ਸਾਥੀ ਅਪਰਾਧੀ ਐਤਵਾਰ ਦੇਰ ਰਾਤ ਪੁਲਿਸ ਨਾਲ ਮੁਕਾਬਲੇ ਵਿੱਚ ਮਾਰਿਆ ਗਿਆ। ਫਰਾਰ ਦੋਸ਼ੀਆਂ ਦੀ ਭਾਲ ਜਾਰੀ ਹੈ।

ਦੱਸ ਦੇਈਏ ਕਿ ਹਾਲ ਹੀ ਚ ਹਰਿਦੁਆਰ ਸਥਿਤ ਬਾਲਾਜੀ ਜਵੈਲਰਜ਼ ਦੇ ਸ਼ੋਅਰੂਮ ਚ ਲੁੱਟ ਦੀ ਵਾਰਦਾਤ ਹੋਈ ਸੀ। ਇਸ ਮਾਮਲੇ ਵਿੱਚ ਪੁਲਿਸ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਐਤਵਾਰ ਰਾਤ ਇੱਕ ਮੁੱਠਭੇੜ ਵਿੱਚ ਇੱਕ ਮੁਲਜ਼ਮ ਨੂੰ ਮਾਰ ਦਿੱਤਾ ਸੀ। ਇਸ ਤੋਂ ਬਾਅਦ ਸੋਮਵਾਰ ਬਾਅਦ ਦੁਪਹਿਰ ਚਲਾਏ ਗਏ ਸਰਚ ਆਪਰੇਸ਼ਨ ਦੌਰਾਨ ਦੋ ਬਦਮਾਸ਼ਾਂ ਗੁਰਦੀਪ ਸਿੰਘ ਉਰਫ ਮੋਨੀ ਪੁੱਤਰ ਬੂਟਾ ਸਿੰਘ ਅਤੇ ਜੈਦੀਪ ਸਿੰਘ ਉਰਫ ਮਾਨਾ ਪੁੱਤਰ ਧਰਮਿੰਦਰ ਸਿੰਘ ਉਰਫ ਰਾਜੂ ਦੋਵੇਂ ਵਾਸੀ ਮੂਸਾ ਸਾਹਿਬ ਬੁਢਾ ਗੁੱਜਰ ਰੋਡ ਮਹਿਮਾ ਸਿੰਘ ਬਸਤੀ, ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ (ਪੰਜਾਬ) ਨੇ ਗ੍ਰਿਫਤਾਰ ਕੀਤਾ ਹੈ।

# ਗੁੱਸੇ ਚ ਆਏ ਬੇਟੇ ਨੇ ਆਪਣੇ ਪਿਤਾ ਦਾ ਕੁਹਾੜੀ ਨਾਲ ਬੇਰਹਿਮੀ ਨਾਲ ਕਤਲ ਕੀਤਾ... ਫਿਰ ਪਤਨੀ ਅਤੇ ਪੁੱਤਰ ਦੀ ਕੀਤੀ ਕੁੱਟਮਾਰ




ਚੰਡੀਗੜ੍ਹ(ਲੋਕ ਬਾਣੀ) ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਨਾਥਪੁਰਾ ਵਿੱਚ ਇੱਕ ਪੁੱਤਰ ਨੇ ਆਪਣੇ ਪਿਤਾ ਦਾ ਕਤਲ ਕਰ ਦਿੱਤਾ। ਘਟਨਾ ਸੋਮਵਾਰ ਦੇਰ ਰਾਤ ਵਾਪਰੀ। ਦੋਸ਼ੀ ਪੁੱਤਰ ਨੇ ਸੌਂ ਰਹੇ ਪਿਤਾ ਤੇ ਕੁਹਾੜੀ ਨਾਲ ਹਮਲਾ ਕਰਕੇ ਉਸ ਦਾ ਕਤਲ ਕਰ ਦਿੱਤਾ। ਪੁਲਿਸ ਵੱਲੋਂ ਕੀਤੀ ਗਈ ਜਾਂਚ ਚ ਸਾਹਮਣੇ ਆਇਆ ਕਿ ਮ੍ਰਿਤਕ ਸ਼ਰਾਬ ਪੀਣ ਦਾ ਆਦੀ ਸੀ ਅਤੇ ਸ਼ਰਾਬ ਪੀ ਕੇ ਆਪਣੀ ਪਤਨੀ ਅਤੇ ਬੇਟੇ ਦੀ ਬੇਰਹਿਮੀ ਨਾਲ ਕੁੱਟਮਾਰ ਕਰਦਾ ਸੀ। ਦੱਸਿਆ ਜਾਂਦਾ ਹੈ ਕਿ ਸੋਮਵਾਰ ਦੇਰ ਰਾਤ ਪਿੰਡ ਨਾਥਪੁਰਾ ਦੇ ਰਹਿਣ ਵਾਲੇ ਪਰਮਿੰਦਰ ਸਿੰਘ ਨੇ ਸ਼ਰਾਬ ਪੀ ਕੇ ਆਪਣੀ ਪਤਨੀ ਅਤੇ ਬੇਟੇ ਦੀ ਕੁੱਟਮਾਰ ਕੀਤੀ।

ਇਸ ਕੁੱਟਮਾਰ ਤੋਂ ਗੁੱਸੇ ਚ ਆ ਕੇ ਪਰਮਿੰਦਰ ਸਿੰਘ ਪੁੱਤਰ ਸੁਖਦੀਪ ਸਿੰਘ ਨੇ ਆਪਣੇ ਹੀ ਸੁੱਤੇ ਪਿਤਾ ਤੇ ਕੁਹਾੜੀ ਨਾਲ ਹਮਲਾ ਕਰ ਦਿੱਤਾ। ਉਸ ਦੇ ਸਿਰ ਤੇ ਕੁਹਾੜੀ ਨਾਲ ਵਾਰ ਕਰਕੇ ਉਸ ਦਾ ਕਤਲ ਕਰ ਦਿੱਤਾ। ਸੱਟ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਸ ਦੇ ਸਿਰ ਚੋਂ ਕਾਫੀ ਖੂਨ ਵਹਿ ਗਿਆ ਸੀ, ਜਿਸ ਕਾਰਨ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਮੰਗਲਵਾਰ ਸਵੇਰੇ ਥਾਣਾ ਨਥਾਣਾ ਦੀ ਪੁਲਿਸ ਮੌਕੇ ਤੇ ਪਹੁੰਚ ਗਈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਪੁਲਸ ਨੇ ਦੋਸ਼ੀ ਪੁੱਤਰ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ।

# ਕੰਗਨਾ ਰਣੌਤ ਨੂੰ ਚੰਡੀਗੜ੍ਹ ਦੀ ਅਦਾਲਤ ਚ ਜਾਰੀ ਕੀਤਾ ਸੰਮਨ: ਐਮਰਜੈਂਸੀ ਫਿਲਮ ਨੂੰ ਲੈ ਕੇ ਦਾਇਰ ਪਟੀਸ਼ਨ




ਚੰਡੀਗੜ੍ਹ(ਲੋਕ ਬਾਣੀ)

ਹਿਮਾਚਲ ਪ੍ਰਦੇਸ਼ ਦੀ ਮੰਡੀ ਸੀਟ ਤੋਂ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਨੂੰ ਚੰਡੀਗੜ੍ਹ ਅਦਾਲਤ ਨੇ ਸੰਮਨ ਜਾਰੀ ਕੀਤਾ ਹੈ। ਅਦਾਲਤ ਨੇ ਇਹ ਹੁਕਮ ਉਨ੍ਹਾਂ ਦੀ ਆਉਣ ਵਾਲੀ ਫਿਲਮ ਐਮਰਜੈਂਸੀ ਤੇ ਸੁਣਵਾਈ ਕਰਦੇ ਹੋਏ ਜਾਰੀ ਕੀਤਾ ਹੈ। ਮਾਮਲੇ ਦੀ ਸੁਣਵਾਈ 5 ਦਸੰਬਰ ਲਈ ਤੈਅ ਕੀਤੀ ਗਈ ਹੈ। ਸਾਬਕਾ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਸਿੰਘ ਬਾਸੀ ਵੱਲੋਂ ਅਦਾਕਾਰਾ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਗਈ ਸੀ।ਪਟੀਸ਼ਨ ਚ ਕਿਹਾ ਗਿਆ ਸੀ ਕਿ ਕੰਗਨਾ ਨੇ ਫਿਲਮ ਚ ਸਿੱਖਾਂ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਾਲਾਂਕਿ ਫਿਲਮ ਅਜੇ ਰਿਲੀਜ਼ ਨਹੀਂ ਹੋਈ ਹੈ।

# ਘੁਮਾਣਾ ਦੇ ਛਿੰਝ ਮੇਲੇ 'ਚ ਝੰਡੀ ਦੀ ਕੁਸ਼ਤੀ ਗੁਰਮੀਤ ਦਿੱਲੀ ਨੇ ਰੌਸ਼ਨ ਕਿਰਲਗੜ੍ਹ ਨੂੰ ਚਿੱਤ ਕਰਕੇ ਜਿੱਤੀ



ਸ੍ਰੀ ਮਾਛੀਵਾੜਾ ਸਾਹਿਬ–(ਲੋਕ ਬਾਣੀ) ਪਿੰਡ ਘੁਮਾਣਾ ਵਿਖੇ ਸਮੂਹ ਗਰਾਮ ਪੰਚਾਇਤ, ਛਿੰਝ ਕਮੇਟੀ, ਸਮੂਹ ਨਗਰ ਨਿਵਾਸੀਆਂ, ਪ੍ਰਵਾਸੀ ਵੀਰਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਸਲਾਨਾ ਵਿਸ਼ਾਲ ਕੁਸਤੀ ਦੰਗਲ ਕਰਵਾਇਆ ਗਿਆ। ਇਸ ਸਬੰਧੀ ਧਰਮਵੀਰ ਸਿੰਘ ਫੌਜੀ, ਰਾਮੇਸ਼ ਕੁਮਾਰ ਸਰਪੰਚ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਛਿੰਝ ਮੇਲੇ ਵਿੱਚ 220 ਤੋਂ ਵੱਧ ਪਹਿਲਵਾਨਾਂ ਨੇ ਆਪਣੇ ਕੁਸ਼ਤੀ ਦੇ ਜੌਹਰ ਦਿਖਾਏ ਇਸ ਛਿੰਝ ਦੀ ਕੁਮੈਂਟਰੀ ਗੋਰਾ ਰੱਬੋਂ, ਹੈਪੀ ਰੁੜਕੀ ਅਤੇ ਮੰਚ ਤੋਂ ਪ੍ਰੀਤ ਜਿਊਣੇਵਾਲ ਨੇ ਕੀਤੀ।

ਇਸ ਵਾਰ ਝੰਡੀ ਦੀ ਕੁਸ਼ਤੀ ਗੁਰਮੀਤ ਦਿੱਲੀ ਅਤੇ ਰੌਸ਼ਨ ਕਿਰਲਗੜ੍ਹ ਪਹਿਲਵਾਨਾਂ ਵਿਚਕਾਰ ਹੋਈ। ਇਹ ਕੁਸ਼ਤੀ ਦੇ ਗਹਿਗੱਚ ਮੁਕਾਬਲੇ ਦਾ ਹਜਾਰਾਂ ਦੀ ਗਿਣਤੀ 'ਚ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਇਸ ਦੌਰਾਨ ਗੁਰਮੀਤ ਦਿੱਲੀ ਨੇ ਰੌਸ਼ਨ ਕਿਰਲਗੜ੍ਹ ਦੀ ਪਿੱਠ ਧਰਤੀ ਨਾਲ ਲਗਾ ਝੰਡੀ ਦੀ ਕੁਸਤੀ ਦਾ ਖਿਤਾਬ ਆਪਣੇ ਨਾਂ ਕਰ ਲਿਆ।

ਇਸ ਤੋਂ ਇਲਾਵਾ ਸੁਧੀਰ ਮਾਛੀਵਾੜਾ ਨੇ ਰਾਜਾ ਡੇਰਾ ਬਾਬਾ ਨਾਨਕ ਨੂੰ, ਅਸ਼ੋਕ ਦੋਰਾਹਾ ਨੇ ਜਸ਼ਨ ਨੂੰ, ਕਮਲ ਬਿਜਲੀਪੁਰ ਨੇ ਮੰਗਲ ਦੋਰਾਹਾ ਨੂੰ, ਰਾਜ ਸਿੱਧਵਾਂ ਬੇਟ ਨੇ ਭੱਟੀ ਮਾਛੀਵਾੜਾ ਨੂੰ, ਜੋਰਾ ਗਰਚਾ ਨੇ ਰਵੀ ਦੋਰਾਹਾ ਨੂੰ ਕ੍ਰਮਵਾਰ ਚਿੱਤ ਕੀਤਾ।

ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਮੁੱਖ ਮਹਿਮਾਨ ਭੁਪਿੰਦਰ ਸਿੰਘ ਜਾਡਲਾ ਪ੍ਰਧਾਨ ਰਾਸ਼ਟਰੀਏ ਰੁਸਤਮੇ ਹਿੰਦ ਕੁਸਤੀ ਸੰਸਥਾ , ਬਾਬਾ ਗੁਰਨਾਮ ਸਿੰਘ, ਬਾਬਾ ਸਤਪਾਲ ਸਿੰਘ, ਬੰਤ ਸਿੰਘ ਸਰਪੰਚ, ਮੋਹਣ ਸਿੰਘ ਢਿੱਲੋਂ, ਮਨਦੀਪ ਸਿੰਘ ਸਰਪੰਚ, ਸੁੱਖਾ ਮਾਨ, ਗੁਰਪ੍ਰੀਤ ਸਿੰਘ ਸਰਪੰਚ, ਕਰਮਜੀਤ ਸਿੰਘ ਊਰਨਾ, ਸੱਤਾ ਸਰਪੰਚ ਰਹੀਮਾਬਾਦ ਬੇਟ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਦੰਗਲ ਮੇਲੇ ਦੇ ਪੁੱਜੇ ਪਹਿਲਵਾਨਾਂ ਅਤੇ ਆਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਛਿੰਝ ਮੇਲੇ ਨੂੰ ਨੇਪਰੇ ਚਾੜਨ ਲਈ ਪ੍ਰਮੁੱਖ ਤੌਰ ਤੇ ਧਰਮਵੀਰ ਸਿੰਘ ਫੌਜੀ, ਰਾਮੇਸ਼ ਸਰਪੰਚ, ਮੋਹਣ ਲਾਲ, ਹਰਸ਼ ਢਿੱਲੋਂ, ਸੁਖਦੇਵ ਸਿੰਘ ਮਾਨ, ਰਾਜ ਕੁਮਾਰ, ਗੁਰਪ੍ਰੀਤ ਸਿੰਘ, ਦਰਸ਼ਨ ਸਿੰਘ ਢਿੱਲੋਂ, ਪਾਲ ਸਿੰਘ, ਪ੍ਰਿਤਪਾਲ ਭੱਟੀ, ਤਰਲੋਚਨ ਸਿੰਘ, ਜੀਵਨ ਰਾਮ, ਜੋਰਾ ਸਿੰਘ, ਪ੍ਰਵੀਨ ਬਾਲੀ ਚੱਕੀ ਵਾਲੇ, ਕਮਲ, ਗੁਰਮੀਤ ਸਿੰਘ ਚੌਹਾਨ ਅਦਿ ਤੋਂ ਇਲਾਵਾ ਪਿੰਡ ਨਿਵਾਸੀਆਂ ਨੇ ਦਿਨ ਰਾਤ ਇੱਕ ਕਰ ਦਿੱਤੀ।

# ਪਾਤੜਾਂ ਰਵਿਦਾਸ ਮੰਦਿਰ ਤੇ ਕਬਜ਼ੇ ਦਾ ਮਾਮਲਾ ਭਖਿਆ ਸਮੂਹ ਰਵੀਦਾਸੀਆ ਭਾਈਚਾਰੇ ਦੇ ਸਮਾਜਿਕ ਰਾਜਨੀਤਿਕ ਅਤੇ ਧਾਰਮਿਕ ਆਗੂ ਸਿਰ ਜੋੜ ਕੇ ਇਕੱਤਰ ਹੋਣ :- ਦਰਬਾਰਾ ਸਿੰਘ ਬਨਵਾਲਾ



ਪਾਤੜਾਂ (ਲੋਕ ਬਾਣੀ) ਸ੍ਰੀ ਗੁਰੂ ਰਵਿਦਾਸ ਮੰਦਰ ਨਰਵਾਣਾ ਰੋਡ ਪਾਤੜਾਂ ਦਾ ਮਾਮਲਾ ਕਾਫੀ ਗਰਮਾਇਆ ਹੋਇਆ ਹੈ ਜਾਣਕਾਰੀ ਅਨੁਸਾਰ ਪਿਛਲੇ ਸਾਲ ਤੋਂ ਇੱਕ ਨਿਹੰਗ ਜਥੇਬੰਦੀ ਵੱਲੋਂ ਇਸ ਮੰਦਰ ਉੱਤੇ ਕਬਜ਼ਾ ਕਰ ਲਿਆ ਗਿਆ ਹੈ ਜਿਸ ਨੂੰ ਲੈ ਕੇ ਸਮੂਹ ਰਵੀਦਾਸੀਆ ਭਾਈਚਾਰਾ ਚਿੰਤਤ ਹੈ ਇਸ ਮਾਮਲੇ ਤੇ ਚਰਚਾ ਕਰਦਿਆਂ ਕਾਂਗਰਸ ਪਾਰਟੀ ਹਲਕਾ ਸੁਤਰਾਣਾ ਦੇ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਕਿਹਾ ਹੈ ਕਿ ਸ੍ਰੀ ਗੁਰੂ ਰਵਿਦਾਸ ਮੰਦਰ ਪਾਤੜਾਂ ਵਿਖੇ ਕੋਈ ਖਾਸ ਦਿਨ ਮੱਥ ਕੇ ਸਮੂਹ ਰਵੀਦਾਸੀਆ ਭਾਈਚਾਰਾ ਇਕੱਤਰ ਹੋਵੇ ਪਾਤੜਾਂ ਰਵਿਦਾਸ ਮੰਦਿਰ ਤੇ ਕਬਜ਼ੇ ਦਾ ਮਾਮਲਾ ਭਖਿਆ ਸਮੂਹ ਰਵੀਦਾਸੀਆ ਭਾਈਚਾਰੇ ਦੇ ਸਮਾਜਿਕ ਰਾਜਨੀਤਿਕ ਅਤੇ ਧਾਰਮਿਕ ਆਗੂ ਸਿਰ ਜੋੜ ਕੇ ਇਕੱਤਰ ਹੋਣ ਅਤੇ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਇਸ ਮੰਦਰ ਨੂੰ ਨਿਹੰਗ ਜਥੇਬੰਦੀ ਤੋਂ ਮੁਕਤ ਕਰਾਉਣ ਤੇ ਵਿਚਾਰ ਚਰਚਾ ਕਰਨ ਉਹਨਾਂ ਅੱਗੇ ਕਿਹਾ ਕਿ ਇਸ ਮੰਦਰ ਨੂੰ ਸਾਡੇ ਪਿੰਡਾਂ ਦੇ ਬਜ਼ੁਰਗਾਂ ਨੇ ਇੱਕ ਇੱਕ ਇੱਟ ਲਾ ਕੇ ਇਸ ਦੀ ਸਥਾਪਨਾ ਕੀਤੀ ਹੈ ਅਤੇ ਜਦੋਂ ਹੁਣ ਇਸ ਮੰਦਰ ਦਾ ਨਵਾਂ ਦਰਬਾਰ ਸਾਹਿਬ ਵੀ ਬਣ ਚੁੱਕਿਆ ਹੈ ਤੇ ਹੁਣ ਹਰ ਕੋਈ ਬਾਹਰੋਂ ਆ ਕੇ ਇਸ ਤੇ ਕਾਬਜ਼ ਹੋਣਾ ਚਾਹੁੰਦਾ ਹੈ ਪਰ ਸੱਚ ਇਹ ਹੈ ਕਿ ਇਹ ਮੰਦਰ ਦਾ ਸਾਡੇ ਬਲਾਕ ਪਾਤੜਾਂ ਦੇ ਇਕੱਲੇ ਇਕੱਲੇ ਪਿੰਡ ਵਿੱਚੋਂ ਇੱਕ ਇੱਕ ਬਜ਼ੁਰਗ ਨੇ ਆਪਦੀ ਮਿਹਨਤ ਨਾਲ ਇਸ ਮੰਦਰ ਦਾ ਨਿਰਮਾਣ ਕੀਤਾ ਹੈ ਤਾਂ ਕਿ ਭਵਿੱਖ ਵਿੱਚ ਇੱਥੇ ਸਾਡੇ ਸਮਾਜ ਦੀਆਂ ਗਤੀਆਂ ਵਿਧੀਆਂ ਬਾਰੇ ਵਿਚਾਰਾਂ ਹੋ ਸਕਣ ਅਤੇ ਸਾਡੇ ਬੱਚੇ ਇਸ ਮੰਦਰ ਤੋਂ ਪ੍ਰੇਰਨਾ ਲੈ ਕੇ ਆਪਣੇ ਭਵਿੱਖ ਨੂੰ ਉਜਵਲ ਕਰ ਸਕਣ ਉਹਨਾਂ ਅੱਗੇ ਪਾਤੜਾਂ ਦੇ ਸ਼ਾਸਨ ਅਤੇ ਪ੍ਰਸ਼ਾਸਨ ਨੂੰ ਵੀ ਬੇਨਤੀ ਕੀਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਮੰਦਰ ਪਾਤੜਾਂ ਨੂੰ ਨਿਹੰਗ ਜਥੇਬੰਦੀ ਤੋਂ ਮੁਕਤ ਕਰਵਾਇਆ ਜਾਵੇ ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਸਮਾਜਿਕ ਧਾਰਮਿਕ ਅਤੇ ਰਾਜਨੀਤਿਕ ਆਗੂਆਂ ਦੀ ਇੱਕ ਉੱਚ ਪੱਧਰੀ ਮੀਟਿੰਗ ਕਰਕੇ ਫੈਸਲਾ ਲਿਆ ਜਾਵੇਗਾ ਅਤੇ ਅਗਲੀ ਨੀਤੀ ਤਿਆਰ ਕੀਤੀ ਜਾਵੇਗੀ

# ਨਗਰ ਕੌਂਸਲ ਮਾਛੀਵਾੜਾ ਵੱਲੋਂ ਸਵੱਛਤਾ ਦੀ ਸੇਵਾ ਮੁਹਿੰਮ ਦਾ ਆਗਾਜ਼




ਸ੍ਰੀ ਮਾਛੀਵਾੜਾ ਸਾਹਿਬ–(ਲੋਕ ਬਾਣੀ)–ਨਗਰ ਕੌਂਸਲ ਮਾਛੀਵਾੜਾ ਵੱਲੋਂ ਕਾਰਜ ਸਾਧਕ ਅਫਸਰ ਸ: ਬਲਵੀਰ ਸਿੰਘ ਜੀ ਦੀ ਅਗਵਾਈ ਹੇਠ ਸਵੱਛਤਾ ਹੀ ਸੇਵਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਜੀ ਦੇ ਸਹਿਯੋਗ ਸਦਕਾ ਵੱਖ ਵੱਖ ਗਰੁੱਪ ਅਤੇ ਮਹਿਲਾਵਾਂ , ਐਨ, ਜੀ, ਓ ਸੰਸਥਾਵਾਂ ਵੀ ਇਸ ਰੈਲੀ ਵਿੱਚ ਸ਼ਾਮਿਲ ਹੋਈਆਂ। ਇਹ ਰੈਲੀ ਦਫ਼ਤਰ ਨਗਰ ਕੌਂਸਲ ਮਾਛੀਵਾੜਾ ਦੇ ਦਫ਼ਤਰ ਤੋਂ ਸਮਰਾਲਾ ਰੋਡ ਤੱਕ ਕੱਢੀ ਗਈ, ਅਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਸ਼ਹਿਰ ਨੂੰ ਸਾਫ ਸੁਥਰਾ ਤੇ ਸੁੰਦਰ ਬਣਾਉਣ ਦੇ ਲਈ ਨਗਰ ਕੌਂਸਲ ਅਧਿਕਾਰੀਆਂ ,ਕਰਮਚਾਰੀਆਂ ਦਾ ਸਹਿਯੋਗ ਕਰਨ ਅਤੇ ਘਰਾਂ ਵਿੱਚੋਂ ਸੁੱਕਾ ਤੇ ਗਿੱਲਾ ਕੂੜਾ ਵੱਖ–ਵੱਖ ਪਾ ਕੇ ਰੱਖਣ ਅਤੇ ਨਗਰ ਕੌਂਸਲ ਅਧਿਕਾਰੀਆਂ ਵੱਲੋਂ ਭੇਜੀਆਂ ਜਾਂਦੀਆਂ ਗੱਡੀਆਂ ਦੇ ਵਿੱਚ ਵੱਖੋ ਵੱਖ ਡੱਬਿਆਂ ਵਿੱਚ ਸੁੱਕਾ ਤੇ ਗਿੱਲਾ ਕੂੜਾ ਪਾਇਆ ਜਾਵੇ ਤਾਂ ਜੋ ਇਸਦੀ ਸੁਚੱਜੀ ਵਰਤੋਂ ਕਰਦਿਆਂ ਇਹਨਾਂ ਤੋਂ ਲਾਭ ਉਠਾਇਆ ਜਾ ਸਕੇ।।ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਆਗੂ ਸੁਖਵਿੰਦਰ ਸਿੰਘ ਗਿੱਲ, ਮੋਹਿਤ ਕੁੰਦਰਾ, ਪ੍ਰਵੀਨ ਮੱਕੜ, ਅਤੇ ਬਰੈਂਡ ਅੰਬੈਸਟਰ ਜਗਮੀਤ ਸਿੰਘ , ਦਲੀਪ ਸਿੰਘ , ਨਗਰ ਕੌਂਸਲ ਮਾਛੀਵਾੜਾ ਦਫ਼ਤਰ ਵੱਲੋਂ ਅਕਾਊਂਟ ਸੰਜੀਵ ਕੁਮਾਰ, ਸੈਨੇਟਰੀ ਇੰਸਪੈਕਟਰ ਸੁਖਦੇਵ ਸਿੰਘ ਸਿੰਘ ਬਿੱਟੂ, ਇਸਪੈਕਟਰ ਸੁਖਵਿੰਦਰ ਸਿੰਘ, ਜੂਨੀਅਰ ਸਹਾਇਕ ਰਾਜ ਕੁਮਾਰ, ਰੋਹਿਤ ਜੈਨ ,ਕਲਰਕ ਭੁਪਿੰਦਰ ਸਿੰਘ ਕਲਰਕ ਦੀਪਕ ਸ਼ਰਮਾ, ਸੀ. ਐਫ਼. ਨਵਰੀਤ ਕੌਰ , ਸੈਨੀਟੇਸ਼ਨ ਬ੍ਰਾਂਚ ਵੱਲੋਂ ਮੇਜ਼ਰ ਸਿੰਘ , ਲਾਭ ਸਿੰਘ, ਕਰਨਪ੍ਰੀਤ ਸਿੰਘ, ਗਗਨਦੀਪ ਕੌਰ, ਸੋਮਨ, ਮੋਟੀਵੇਟਰ ਰਮਨਦੀਪ ਕੌਰ , ਰਮਨਪ੍ਰੀਤ ਕੌਰ, ਹਰਵਿੰਦਰ ਕੌਰ, ਬਲਜੀਤ ਕੌਰ, ਚਰਨਜੀਤ ਸਿੰਘ ਅਤੇ ਸਫਾਈ ਕਰਮਚਾਰੀ ਸ਼ਾਮਿਲ ਰਹੇ।

# ਮੂਲੋਵਾਲ ਸਕੂਲ ਦੀ ਅਧਿਆਪਕਾ ਮਨਪ੍ਰੀਤ ਨੇ ਜਿੱਤਿਆ ਗੋਲਡ ਮੈਡਲ




ਧੂਰੀ (ਲੋਕ ਬਾਣੀ)) ਖੇਡਾਂ ਵਤਨ ਪੰਜਾਬ ਦੀਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਲੋਵਾਲ ਦੀ ਅਧਿਆਪਕਾ ਮਨਪ੍ਰੀਤ ਕੌਰ ਵੋਕੇਸ਼ਨਲ ਟ੍ਰੇਨਰ (ਬਿਊਟੀ ਐਂਡ ਵੈਲਨਸ) ਨੇ ਬੈਡਮਿੰਟਨ (ਅੰਡਰ–40) ਵਿੱਚ ਜ਼ਿਲ੍ਹਾ ਪੱਧਰ ਤੇ ਪਹਿਲਾ ਸਥਾਨ ਹਾਸਿਲ ਕਰਕੇ ਗੋਲਡ ਦਾ ਤਗਮਾ ਜਿੱਤਿਆ ।ਸਵੇਰ ਦੀ ਸਭਾ ਵਿੱਚ ਸਕੂਲ ਪ੍ਰਿੰਸੀਪਲ ਰੰਜੂ ਬਾਲਾ ਨੇ ਮਨਪ੍ਰੀਤ ਕੌਰ ਨੂੰ ਵਧਾਈਆਂ ਦਿੰਦੇ ਹੋਏ ਕਿਹਾ ਕਿ ਇਹ ਪ੍ਰਾਪਤੀ ਸਕੂਲ ਲਈ ਮਾਣ ਵਾਲੀ ਗੱਲ ਹੈ ਅਤੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ।ਸਮੂਹ ਸਟਾਫ਼ ਵੱਲੋਂ ਵੀ ਮਨਪ੍ਰੀਤ ਕੌਰ ਨੂੰ ਵਧਾਈਆਂ ਦਿੰਦੇ ਹੋਏ ਹੋਰ ਪ੍ਰਾਪਤੀਆਂ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸੇ ਦੌਰਾਨ ਸਥਾਨਕ ਜਰਨਲਿਜ਼ਮ ਐਸੋਸੀਏਸ਼ਨ ਰਜਿ ਦੇ ਪ੍ਰਧਾਨ ਲਖਵੀਰ ਧਾਂਦਰਾ, ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ ਧੂਰੀ, ਜਨਰਲ ਸਕੱਤਰ ਡਾ ਅਮਰਜੀਤ ਸਿੰਘ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਆਗੂ ਰਾਜਿੰਦਰ ਰਾਜੂ, ਉੱਘੇ ਸਮਾਜ ਸੇਵੀ ਚਰਨਜੀਤ ਸਿੰਘ ਕੈਂਥ ਸਮੇਤ ਅਨੇਕਾਂ ਸਖਸ਼ੀਅਤਾਂ ਨੇ ਮਨਪ੍ਰੀਤ ਕੌਰ ਦੀ ਇਸ ਪ੍ਰਾਪਤੀ ਤੇ ਉਸਨੂੰ ਮੁਬਾਰਕਾਂ ਦਿੰਦੇ ਹੋਏ ਹੋਰ ਬੁਲੰਦੀਆਂ ਛੋਹਣ ਦੀ ਪ੍ਰੇਰਨਾ ਦਿੱਤੀ।

# ਰਾਹੁਲ ਗਾਂਧੀ ਨੂੰ ਅੱਤਵਾਦੀ ਕਹਿਣ 'ਤੇ ਮਹਿਲਾ ਕਾਂਗਰਸ ਨੇ ਫੂਕਿਆ ਕੇਂਦਰੀ ਮੰਤਰੀ ਰਵਨੀਤ ਬਿੱਟੂ ਦਾ ਪੁਤਲਾ

## ਆਪਣੇ ਘਟੀਆ ਬਿਆਨ ਲਈ ਤੁਰੰਤ ਮੁਆਫੀ ਮੰਗੇ ਬਿੱਟੂ : ਸੰਗੀਤਾ ਧੀਰ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਕਮੇਟੀ ਦੀ ਸਥਾਨਕ ਇਕਾਈ ਵੱਲੋਂ ਅੱਜ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਪੁਤਲਾ ਫੂਕਿਆ ਗਿਆ। ਇਸ ਦੌਰਾਨ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੇ ਨਾਲ ਵਿਸ਼ੇਸ਼ ਤੌਰ 'ਤੇ ਪੁੱਜੇ ਜ਼ਿਲ੍ਹਾ ਕਪੂਰਥਲਾ ਮਹਿਲਾ ਕਾਂਗਰਸ ਪ੍ਰਧਾਨ ਸੰਗੀਤਾ ਧੀਰ ਨੇ ਫਗਵਾੜਾ ਸ਼ਹਿਰੀ ਪ੍ਰਧਾਨ ਰਣਜੀਤ ਕੌਰ ਰਾਣੀ ਅਤੇ ਦਿਹਾਤੀ ਪ੍ਰਧਾਨ ਦਲਬੀਰ ਕੌਰ ਦੀ ਹਾਜ਼ਰੀ 'ਚ ਕਿਹਾ ਕਿ ਰਵਨੀਤ ਬਿੱਟੂ ਨੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਰਾਹੁਲ ਗਾਂਧੀ ਨੂੰ ਅੱਤਵਾਦੀ ਦੱਸ ਕੇ ਆਪਣੀ ਮਾਨਸਿਕ ਹਾਲਤ ਹੀ ਬਿਆਨ ਕੀਤੀ ਹੈ। ਕਿਉਂਕਿ ਰਵਨੀਤ ਬਿੱਟੂ ਇਹ ਭੁੱਲ ਗਿਆ ਕਿ ਉਸ ਨੂੰ ਤਿੰਨ ਵਾਰ ਐਮ.ਪੀ ਬਣਾਉਣ ਵਾਲਾ ਕੋਈ ਹੋਰ ਨਹੀਂ ਬਲਕਿ ਰਾਹੁਲ ਗਾਂਧੀ ਹੀ ਸੀ। ਜਿਸ ਰਾਹੁਲ ਗਾਂਧੀ ਦੇ ਨਾਮ ਦੇ ਰਵਨੀਤ ਬਿੱਟੂ ਗੁਣ ਗਾਇਆ ਕਰਦਾ ਸੀ। ਸੰਗੀਤਾ ਧੀਰ ਨੇ ਸਖ਼ਤ ਲਹਿਜੇ ਵਿੱਚ ਕਿਹਾ ਕਿ ਭਾਜਪਾ ਵਿੱਚ ਸ਼ਾਮਲ ਹੋ ਕੇ ਰਵਨੀਤ ਬਿੱਟੂ ਦੀ ਬੁੱਧੀ ਭ੍ਰਿਸ਼ਟ ਹੋ ਗਈ ਹੈ। ਉਨ੍ਹਾਂ ਨੂੰ ਘੱਟੋ-ਘੱਟ ਆਪਣੇ ਸੰਸਦ ਮੈਂਬਰ ਅਤੇ ਰਾਜ ਮੰਤਰੀ ਦੇ ਅਹੁਦੇ ਦੀ ਮਰਿਆਦਾ ਦਾ ਖਿਆਲ ਰੱਖਣਾ ਚਾਹੀਦਾ ਸੀ ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਇਸ ਨੂੰ ਲੈ ਕੇ ਕਾਂਗਰਸੀ ਵਰਕਰਾਂ ਵਿੱਚ ਭਾਰੀ ਰੋਸ ਹੈ। ਮਹਿਲਾ ਕਾਂਗਰਸ ਆਗੂਆਂ ਨੇ ਰਵਨੀਤ ਬਿੱਟੂ ਤੋਂ ਆਪਣੇ ਘਿਨਾਉਣੇ ਬਿਆਨ ਲਈ ਤੁਰੰਤ ਮੁਆਫ਼ੀ ਮੰਗਣ ਦੀ ਮੰਗ ਵੀ ਕੀਤੀ। ਇਸ ਮੌਕੇ ਮੀਨਾਕਸ਼ੀ ਵਰਮਾ, ਸ਼ਵਿੰਦਰ ਨਿਸ਼ਚਲ, ਸੀਤਾ ਦੇਵੀ ਆਦਿ ਤੋਂ ਇਲਾਵਾ ਡੈਲੀਗੇਟ ਪੰਜਾਬ ਗੁਰਜੀਤ ਪਾਲ ਵਾਲੀਆ, ਗੁਰਦੀਪ ਗਰੇਵਾਲ, ਅਮਰਜੀਤ ਬਸੂਟਾ, ਪਿਆਰਾ ਰਾਮ ਭਾਣੋਕੀ, ਮਨਜੀਤ ਬਰਨ, ਰਵੀ ਪਲਾਹੀ ਆਦਿ ਵੀ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ www.lokbani

# ਜੋਗਿੰਦਰ ਸਿੰਘ ਮਾਨ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਅੱਠ ਲਾਭਪਾਤਰੀਆਂ ਨੂੰ ਸੌਂਪੀਆਂ ਤਿਆਰ ਘਰਾਂ ਦੀਆਂ ਚਾਬੀਆਂ

## 13 ਹੋਰ ਮੰਨਜੂਰੀ ਪੱਤਰ ਵੀ ਲੋੜਵੰਦ ਪਰਿਵਾਰਾਂ ਨੂੰ ਦਿੱਤੇ







ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਬਲਾਕ ਵਿਕਾਸ ਅਤੇ ਪੰਚਾਇਤ ਦਫਤਰ ਫਗਵਾੜਾ ਵਿਖੇ ਅੱਜ ਬੀ.ਡੀ.ਪੀ.ਓ. ਰਾਮਪਾਲ ਰਾਣਾ ਦੀ ਅਗਵਾਈ ਹੇਠ ਲੋੜਵੰਦਾਂ ਨੂੰ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਤਿਆਰ ਕੀਤੇ 8 ਘਰਾਂ ਦੀਆਂ ਚਾਬੀਆਂ ਅਤੇ 13 ਨਵੇਂ ਯੋਜਨਾ ਅਧੀਨ ਪਾਸ ਘਰਾਂ ਦੇ ਲਾਭਪਾਤਰੀਆਂ ਨੂੰ ਮੰਜੂਰੀ ਪੱਤਰ ਦੇਣ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਐਸ.ਡੀ.ਐਮ. ਜਸ਼ਨਜੀਤ ਸਿੰਘ ਅਤੇ ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਉਹਨਾਂ ਜਿੱਥੇ ਤਿਆਰ ਹੋਏ 8 ਮਕਾਨਾਂ ਦੀਆਂ ਚਾਬੀਆਂ ਲੋੜਵੰਦ ਲਾਭਪਾਤਰੀਆਂ ਨੂੰ ਦਿੱਤੀਆਂ ਉੱਥੇ ਹੀ 13 ਨਵੇਂ ਪਾਸ ਹੋਏ ਘਰਾਂ ਦੇ ਮੰਨਜੂਰੀ ਪੱਤਰ ਵੀ ਦਿੱਤੇ। ਜੋਗਿੰਦਰ ਸਿੰਘ ਮਾਨ ਨੇ ਜਿੱਥੇ 8 ਲਾਭਪਾਤਰੀਆਂ ਨੂੰ ਚਾਬੀਆਂ ਦਿੰਦੇ ਹੋਏ ਸ਼ੁੱਭ ਇੱਛਾਵਾਂ ਦਿੱਤੀਆਂ ਉੱਥੇ ਹੀ ਮੰਨਜੂਰੀ ਪੱਤਰ ਦਿੰਦੇ ਹੋਏ 13 ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਉਹਨਾਂ ਨੂੰ ਵੀ ਜਲਦੀ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਤਿਆਰ ਘਰ ਦੁਆਉਣ ਦਾ ਪ੍ਰਬੰਧ ਕਰੇਗੀ ਮਾਨ ਨੇ ਕਿਹਾ ਕਿ ਹਰੇਕ ਗਰੀਬ ਪਰਿਵਾਰ ਦੇ ਲਈ ਪੱਕੀ ਛੱਤ ਵਾਲਾ ਘਰ ਮੁਢਲੀ ਜਰੂਰਤ ਹੈ ਪਰ ਅਫਸੋਸ ਦੀ ਗੱਲ ਹੈ ਕਿ ਆਜਾਦੀ ਦੇ ਇੰਨੇ ਸਾਲ ਬਾਅਦ ਵੀ ਬਹੁਤ ਸਾਰੀ ਆਬਾਦੀ ਇਸ ਮੁਢਲੀ ਜਰੂਰਤ ਤੋਂ ਵਾਂਝੀ ਹੈ। ਇਸ ਮੌਕੇ ਸੀਨੀਅਰ ਆਪ ਆਗੂ ਦਲਜੀਤ ਸਿੰਘ ਰਾਜੂ, ਹਰਮੇਸ਼ ਪਾਠਕ, ਬਲਾਕ ਪ੍ਰਧਾਨ ਵਰੁਣ ਬੰਗੜ ਚੱਕ ਹਕੀਮ, ਗੁਰਦੀਪ ਸਿੰਘ ਤੁੱਲੀ ਕੋਆਰਡੀਨੇਟਰ ਵਪਾਰ ਸੈੱਲ ਫਗਵਾੜਾ, ਰਾਜੇਸ਼ ਕੋਲਸਰ ਬਲਾਕ ਪ੍ਰਧਾਨ, ਮਨਜੀਤ ਵਾਹਿਦ, ਹਰਜੀਤ ਸਿੰਘ ਸਰਪੰਚ, ਪ੍ਰਿਤਪਾਲ ਕੌਰ ਤੁਲੀ, ਅਮਨਦੀਪ ਕੌਰ, ਮੋਨਿਕਾ ਸ਼ਰਮਾ, ਕੇਸ਼ੀ ਗੰਡਵਾਂ, ਜਤਿੰਦਰ ਸਿੰਘ, ਰਵੀ ਖਾਟੀ, ਮੋਨੂੰ ਗੁਜਰਾਤਾਂ, ਮਨਪ੍ਰੀਤ ਗੁਜਰਾਤਾਂ ਆਦਿ ਹਾਜਰ ਸਨ

ਰੋਜ਼ਾਨਾ ਲੋਕ ਬਾਣੀ www.lokbani

# ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਅਲੱਗ ਅਲੱਗ ਪੁਲਿਸ ਸਟੇਸ਼ਨਾ ਵਿੱਚ ਨਸ਼ਿਆ ਖਿਲਾਫ ਮੁਕੱਦਮੇ ਦਰਜ

ਸਹੀਦ ਭਗਤ ਸਿੰਘ ਨਗਰ (ਰਮੇਸ਼ ਸਰਮਾ£ਮਨਪ੍ਰੀਤ ਵਾਸੂ) ਜਿਲ੍ਹਾ ਮੁੱਖੀ ਡਾਕਟਰ ਮਹਿਤਾਬ ਸਿੰਘ ਆਈ ਪੀ ਐਸ, ਐਸ ਐਸ ਪੀ ਸਹੀਦ ਭਗਤ ਸਿੰਘ ਨਗਰ ਜੀ ਦੇ ਦਿਸ਼ਾ ਨਿਰਦੇਸਾ ਤਹਿਤ ਪੰਜਾਬ ਪੁਲਿਸ ਥਾਣਾ ਬਲਾਚੌਰ ਵਿੱਚ ਏ ਐਸ ਆਈ ਪੁਸ਼ਵਿੰਦਰ ਕੁਮਾਰ ਵਲੋ ਹਰਦੀਪ ਸਿੰਘ ਉਰਫ ਕਾਲੂ ਵਾਸੀ ਮਹਿੰਦੀਪੁਰ ਤੋ 6 ਗਰਾਮ ਹੀਰੋਇਨ ਫੜਕੇ ਮੁਕੱਦਮਾ ਨੰਬਰ 82 ਐਨ ਡੀ ਪੀ ਐਸ ਐਕਟ ਤਹਿਤ ਅਰੋਪੀ ਗ੍ਰਿਫਤਾਰ ਕੀਤਾ ਗਿਆ ਹੈ।ਦੂਸਰਾ ਮੁਕੱਦਮਾ ਨੰਬਰ 83 ਵਿੱਚ ਏ ਐਸ ਆਈ ਧਰਮ ਚੰਦ ਵਲੋ ਦਰਸਨ ਲਾਲ ਵਾਸੀ ਟੱਪਰੀਆ ਪਾਸੋ ਨਜਾਇਜ਼ ਸਰਾਬ 04 ਪੇਟੀਆ ਮਾਰਕਾ ਰਾਜਧਾਨੀ ਵਿਸਕੀ ਸੇਲ ਫਾਰ ਆਨਲੀ ਚੰਡੀਗੜ੍ਹ ਨੂੰ ਫੜਕੇ ਅਰੋਪੀ ਗ੍ਰਿਫਤਾਰ ਕੀਤਾ ਗਿਆ ਹੈ।ਪੁਲਿਸ ਸਟੇਸ਼ਨ ਕਾਠਗੜ੍ਹ ਵਿਖੇ ਮੁਕੱਦਮਾ ਨੰਬਰ 97 ਏ ਐਸ ਆਈ ਰਾਕੇਸਵਿੰਦਰ ਸਿੰਘ ਵਲੋ 09 ਨਸ਼ੀਲੇ ਇੰਜੈਕਸ਼ਨ ਫੜਕੇ ਨਰਿੰਦਰ ਸਿੰਘ ਉਰਫ ਪਾਲੀ ਵਾਸੀ ਮਾਜਰਾ ਜੱਟਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਪੁਲਿਸ ਵਲੋ ਨਸ਼ਿਆ ਖਿਲਾਫ ਸਖਤੀ ਨਾਲ ਕੰਮ ਕੀਤਾ ਜਾ ਰਿਹਾ ਹੈ।

# ਹਾਈ ਕੋਰਟ ਨੇ ਬਿਜਲੀ ਮੁਲਾਜਮਾਂ ਦੇ ਪੱਖ ਚ ਦਿੱਤਾ ਵੱਡਾ ਫੈਸਲਾ



ਲੁਧਿਆਣਾ/ ਚੰਡੀਗੜ੍ਹ ( ਵਰਿੰਦਰ ਪ੍ਰਕਾਸ਼ ਭਾਬਰੀ/ਸੁਖਚੈਨ ਮਹਿਰਾ )ਮੁਲਾਜਮ ਸੰਘਰਸ਼ ਕਮੇਟੀ ਦੇ ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਹਰਿਆਣਾ ਚੰਡੀਗੜ੍ਹ ਹਾਈ ਕੋਰਟ ਨੇ ਅੱਜ ਬਿਜਲੀ ਮੁਲਾਜਮਾਂ ਦੇ ਪੱਖ ਚ ਇਤਿਹਾਸਕ ਫੈਸਲਾ ਦਿੱਤਾ ਹੈ। ਜਸਟਿਸ ਨਮਿਤ ਕੁਮਾਰ ਦੀ ਅਦਾਲਤ ਨੇ ਸੀ ਡਬਲਿਊ ਪੀ 13159 ਉੱਤੇ ਵੱਡਾ ਫੈਸਲਾ ਸੁਣਾਉਂਦਿਆਂ ਸੀ ਆਰ ਏ 295/19 ਤਹਿਤ ਭਰਤੀ 2806 ਚੋਂ ਰਹਿੰਦੇ 1341 ਸਹਾਇਕ ਲਾਈਨ ਮੈਨਾ ਦੇ ਤਜੁਰਬਾ ਸਰਟੀਫਿਕੇਟ ਨੂੰ ਸਹੀ ਮੰਨਦਿਆਂ ਭੱਤਿਆਂ ਸਮੇਤ ਤਨਖਾਹਾਂ ਜਾਰੀ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਕਰੀਬ ਅੱਧਾ ਚੱਲੀ ਬਹਿਸ ਦੌਰਾਨ ਸਾਰੀਆਂ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਜਸਟਿਸ ਨਮਿਤ ਕੁਮਾਰ ਵੱਲੋਂ ਏਹ ਫੈਸਲਾ ਲਿਆ ਗਿਆ। ਜਿਕਰਯੋਗ ਹੈ ਕਿ 1465 ਸਹਾਇਕ ਲਾਈਨ ਮੈਨਾ ਜਿਨ੍ਹਾਂ ਚ 906 ਬਿਨਾਂ ਤਜੁਰਬੇ ਵਾਲੇ ਹਨ ਨੂੰ ਪਹਿਲਾਂ ਹੀ ਸਾਰੇ ਭੱਤਿਆਂ ਸਮੇਤ ਪੂਰੀਆਂ ਤਨਖਾਹਾਂ ਮਿਲ ਚੁੱਕੀਆਂ ਹਨ। ਮੁਲਾਜਮ ਸੰਘਰਸ਼ ਕਮੇਟੀ ਦੇ ਕਨਵੀਨਰ ਹਰਪ੍ਰੀਤ ਸਿੰਘ ਖਾਲਸਾ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਧਰਾਗਵਾਲਾ ਨੇ ਸਾਰੇ ਸਹਾਇਕ ਲਾਈਨ ਮੈਨਾ ਨੂੰ ਵਧਾਈ ਦਿੰਦਿਆਂ ਇਸ ਸੰਘਰਸ਼ ਵਿੱਚ ਸਾਥ ਦੇਣ ਵਾਲੀਆਂ ਸਮੁੱਚੀਆਂ ਮੁਲਾਜਮ ਤੇ ਭਰਾਤਰੀ ਜੱਥੇਬੰਦੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਕਾਨੂੰਨ ਉੱਤੇ ਪੂਰਾ ਭਰੋਸਾ ਸੀ ਅੱਜ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਅਜੇ ਵੀ ਸਾਡੇ 25 ਹੋਰ ਸਾਥੀ ਬੇਕਸੂਰ ਹਨ ਜਿਨ੍ਹਾਂ ਦੇ ਲਈ ਮੁਲਾਜਮ ਸੰਘਰਸ਼ ਕਮੇਟੀ ਭਰਾਤਰੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਲੜਾਈ ਲੜੇਗੀ। ਉਨ੍ਹਾਂ ਪਰਮਾਤਮਾ ਦੇ ਨਾਲ ਮਾਨਯੋਗ ਜੱਜ ਸਾਹਿਬਾਨ, ਪੰਜਾਬ ਦੇ ਮੁੱਖ ਮੰਤਰੀ ਅਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਦਾ ਧੰਨਵਾਦ ਕੀਤਾ। ਇਸ ਮੌਕੇ ਬਲਵਿੰਦਰ ਸਿੰਘ ਰਾਮਗੜ੍ਹ, ਮੁਕੇਸ਼ ਬੈਂਸ, ਜਸਪਾਲ ਸਿੰਘ ਬਿੱਟੂ, ਸੁਰਿੰਦਰ ਸਿੰਘ ਸਰਪੰਚ, ਰੁਪਿੰਦਰ ਸਿੰਘ ਕਹਿਰੂ, ਮਨਜੀਤ ਸਿੰਘ ਲੱਡਾ, ਜਰਨੈਲ ਸਿੰਘ ਰੋਪੜ, ਹਰਪ੍ਰੀਤ ਸਿੰਘ, ਬਹਾਦਰ ਸਿੰਘ ਲੁਧਿਆਣਾ, ਅੰਮ੍ਰਿਤਪਾਲ ਸਿੰਘ ਜੱਸੋ ਮਾਜਰਾ ਅਤੇ ਹੋਰ ਹਾਜਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਸੂਬੇ ਦੀ ਡਾਵਾਂ ਡੋਲ ਹੋ ਰਹੀ ਕਾਨੂੰਨ ਵਿਵਸਥਾ ਦੇ ਖਿਲਾਫ ਮਹਿਲ ਕਲਾਂ ਚ ਡੀਐਸਪੀ ਦਫਤਰ ਅੱਗੇ ਕਾਂਗਰਸੀ ਵਰਕਰਾਂ ਨੇ ਕੀਤਾ ਰੋਸ ਮੁਜ਼ਾਹਰਾ

## ਭਗਵੰਤ ਮਾਨ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਮੂੰਹ ਤੋੜਵਾਂ ਜਵਾਬ ਦੇਣਗੇ ਕਾਂਗਰਸੀ ਵਰਕਰ : ਜਸਮੇਲ ਬੜੀ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ)
ਪੰਜਾਬ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ਾ ਤਾਹਿਤ ਅਤੇ ਜਿਲ੍ਹਾ ਪ੍ਰਧਾਨ ਕਾਲਾ ਢਿੱਲੋ ਦੀ ਦੇਖ ਰੇਖ ਹੇਠ ਹਲਕਾ ਮਹਿਲ ਕਲਾਂ ਵਿਖੇ ਢਹਿ ਢੇਰੀ ਹੋ ਰਹੀ ਕਾਨੂੰਨੀ ਵਿਵਸਥਾ ਦੇ ਵਿਰੋਧ ਵਿੱਚ ਹਲਕੇ ਦੇ ਬਲਾਕ ਪ੍ਰਧਾਨ ਜਸਮੇਲ ਸਿੰਘ ਬੜੀ ਦੀ ਅਗਵਾਈ ਹੇਠ ਵੱਡੀ ਗਿਣਤੀ ਕਾਂਗਰਸੀ ਵਰਕਰਾਂ ਨੇ ਭਗਵੰਤ ਮਾਨ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਦੇ ਕਰਦਿਆਂ ਡੀਐਸਪੀ ਦਫਤਰ ਅੱਗੇ ਧਰਨਾ ਦਿੱਤਾ । ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਬਲਾਕ ਪ੍ਰਧਾਨ ਜਸਮੇਲ ਸਿੰਘ ਬੜੀ ਨੇ ਕਿਹਾ ਹੈ ਕਿ ਜਦੋਂ ਤੋਂ ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਸੇ ਦਿਨ ਤੋਂ ਹੀ ਸੂਬੇ ਦੇ ਹਾਲਾਤ ਵਧ ਤੋਂ ਬਦਤਰ ਹੋ ਚੁੱਕੇ ਹਨ। ਕਾਨੂੰਨ ਵਿਵਸਥਾ ਵਿਗੜ ਚੁੱਕੀ ਹੈ। ਲੁੱਟਾਂ ਖੋਹਾਂ, ਕਤਲੇਆਮ ਦੀਆਂ ਵਾਰਦਾਤਾਂ ਨੇ ਲੋਕਾਂ ਦੇ ਮਨਾਂ ਅੰਦਰ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਸਰਕਾਰੀ ਦਫਤਰਾਂ ਵਿੱਚ ਲੋਕਾਂ ਦੀ ਪੁੱਛ ਪ੍ਰਤੀਤ ਬਿਲਕੁਲ ਹੀ ਖਤਮ ਹੋ ਚੁੱਕੀ ਹੈ। ਇੰਜ ਲੱਗਦਾ ਹੈ ਜਿਵੇਂ ਪੰਜਾਬ ਲਾਵਾਰਸ ਹੋ ਗਿਆ ਹੋਵੇ। ਉਹਨਾਂ ਕਿਹਾ ਹੈ ਕਿ ਵੱਡੇ ਵੱਡੇ ਦਮਗਜੇ ਮਾਰ ਕੇ ਬਦਲਾਅ ਦੇ ਨਾਂ ਹੇਠਾਂ ਲੋਕਾਂ ਨੂੰ ਗੁੰਮਰਾਹ ਕਰਕੇ ਸਤਾ ਵਿੱਚ ਆਈ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਹੁਣ ਪੰਜਾਬ ਅੰਦਰ ਬੁਰੀ ਤਰ੍ਹਾਂ ਫਲਾਂ ਹੋ ਚੁੱਕੀ ਹੈ। ਸਰਕਾਰ ਨੇ ਕੋਈ ਲੋਕ ਪੱਖੀ ਕੰਮ ਕਰਨ ਦੀ ਬਜਾਏ ਹੁਣ ਤੱਕ ਬਦਲਾਖੋਰੀ ਦੀ ਹੀ ਰਾਜਨੀਤੀ ਕੀਤੀ ਹੈ। ਉਹਨਾਂ ਕਿਹਾ ਹੈ ਕਿ ਮਾਨ ਸਰਕਾਰ ਸੂਬੇ ਦੀ ਵਿਗੜ ਰਹੀ ਵਿਵਸਥਾ ਨੂੰ ਲੀਹਾਂ ਤੇ ਚਾੜਨ ਦੀ ਬਜਾਏ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਨੂੰ ਬਾਹਰਲੇ ਸੂਬਿਆਂ ਦੀਆਂ ਚੋਣਾਂ ਅਤੇ ਐਡਵੇਟੈਜਮੈਂਟ ਵਿੱਚ ਪਾਣੀ ਵਾਂਗ ਬਹਾ ਰਹੀ ਹੈ । ਜਦ ਕਿ ਪੰਜਾਬ ਵਿੱਚ ਜਿੱਥੇ ਸਰਕਾਰੀ ਹਸਪਤਾਲਾਂ ਦਾ ਬੁਰਾ ਹਾਲ ਹੈ ਉਥੇ ਸਰਕਾਰੀ ਸਕੂਲਾਂ ਦੇ ਵਿੱਚ ਅਧਿਆਪਕ ਨਾ ਹੋਣ ਕਾਰਨ ਬੱਚਿਆਂ ਦਾ ਭਵਿੱਖ ਦਾਅ ਤੇ ਲੱਗਾ ਹੋਇਆ ਹੈ। ਉਹਨਾਂ ਕਿਹਾ ਕਿ ਹਾਲ ਹੀ ਦੌਰਾਨ ਸੂਬਾ ਸਰਕਾਰ ਨੇ ਡੀਜ਼ਲ, ਪੈਟਰੋਲ, ਬਿਜਲੀ ਅਤੇ ਬੱਸ ਕਰਾਇਆ ਵਿੱਚ ਬੇਅਥਾਹ ਵਾਧਾ ਕਰਕੇ ਲੋਕਾਂ ਤੇ ਵਾਧੂ ਬੋਝ ਪਾਇਆ ਹੈ। ਜਿਸ ਨੂੰ ਲੈ ਕੇ ਅੱਜ ਹਰ ਵਰਗ ਆਮ ਆਦਮੀ ਪਾਰਟੀ ਦੀਆਂ ਲੋਕ ਮਾਰੇ ਨੀਤੀਆਂ ਨੂੰ ਕੋਸ ਰਿਹਾ ਹੈ। ਬੜੀ ਨੇ ਕਿਹਾ ਹੈ ਕਿ ਹੁਣ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਲੋਕ ਵਿਰੋਧੀ ਚਾਲਾਂ ਨੂੰ ਸਮਝ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਅੰਦਰ ਆਮ ਆਦਮੀ ਪਾਰਟੀ ਦਾ ਸੂਬੇ ਚੋਂ ਸਫਾਇਆ ਕਰਕੇ ਕਾਂਗਰਸ ਪਾਰਟੀ ਨਿਰੋਲ ਸਰਕਾਰ ਬਣਾਵੇਗੀ। ਉਹਨਾਂ ਇਹ ਵੀ ਆਖਿਆ ਹੈ ਕਿ ਕਾਂਗਰਸ ਪਾਰਟੀ ਵੱਲੋਂ ਪਾਰਟੀ ਪ੍ਰਧਾਨ ਸਰਦਾਰ ਰਾਜਾ ਵੜਿੰਗ ਦੀ ਅਗਵਾਈ ਹੇਠ ਮਾਨ ਸਰਕਾਰ ਦੇ ਧੱਕੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਇਸ ਮੌਕੇ ਸੀਨੀਅਰ ਆਗੂ ਅਤੇ ਪੀਪੀਸੀਸੀ ਦੇ ਮੈਂਬਰ ਗੁਰਮੇਲ ਸਿੰਘ ਮੌੜ, ਨੌਜਵਾਨ ਆਗੂ ਜਸਵੀਰ ਸਿੰਘ ਖੇੜੀ,ਸੀਨੀਅਰ ਆਗੂ ਬਹਾਦਰ ਸਿੰਘ ਢੰਡਾ, ਮਾਰਕੀਟ ਪ੍ਰੀਤ ਸ਼ੇਰਪੁਰ, ਇੰਦਰਜੀਤ ਸਿੰਘ ਬੜੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।ਹੋਰਨਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਅਤੇ ਵਰਕਰ ਵੀ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਈਟੀਟੀ 5994 ਯੂਨੀਅਨ ਦਾ ਪੱਕਾ ਮੋਰਚਾ ਦੋ ਦਿਨਾਂ ਲਈ ਮੁਲਤਵੀ, 20 ਨੂੰ ਹੋਵੇਗੀ ਪੈਨਲ ਮੀਟਿੰਗ।

ਸ਼੍ਰੀ ਆਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਈਟੀਟੀ ਟੈਟ ਪਾਸ ਬੇਰੁਜ਼ਗਾਰ 5994 ਅਧਿਆਪਕ ਯੂਨੀਅਨ ਪੰਜਾਬ ਵੱਲੋਂ ਅੱਜ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਲਗਾਇਆ ਜਾਣ ਵਾਲਾ ਪੱਕਾ ਮੋਰਚਾ ਦੋ ਦਿਨਾਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

ਸੂਬਾ ਕਮੇਟੀ ਮੈਂਬਰ ਬੱਗਾ ਖੁਡਾਲ, ਪਰਮਪਾਲ ਫਾਜਿਲਕਾ, ਬੰਟੀ ਕੰਬੋਜ, ਬਲਿਹਾਰ ਸਿੰਘ, ਕੁਲਵਿੰਦਰ ਬਰੇਟਾ, ਡਾ. ਪਰਵਿੰਦਰ ਸਿੰਘ ਲਹੌਰੀਆ, ਹਰੀਸ਼ ਫਾਜਿਲਕਾ ਤੇ ਪਰਗਟ ਬੋਹਾ ਸਮੇਤ ਹੋਰਨਾਂ ਨੇ ਦੱਸਿਆ ਕਿ ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲੋਂ ਭਲਕੇ 20 ਸਤੰਬਰ ਨੂੰ ਪੈਨਲ ਮੀਟਿੰਗ ਦਿੱਤੀ ਗਈ ਹੈ। ਜਿਸ ਵਿੱਚ 1 ਸਤੰਬਰ ਨੂੰ ਜਾਰੀ ਕੀਤੀ ਗਈ ਪ੍ਰੋਵੀਜ਼ਨਲ ਸਲੈਕਸ਼ਨ ਲਿਸਟ ਦੇ 2468 ਉਮੀਦਵਾਰਾਂ ਨੂੰ ਜੁਆਇਨ ਕਰਵਾਉਣ ਦੀ ਮੰਗ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਜੇਕਰ ਚੁਣੇ ਗਏ ਉਮੀਦਵਾਰਾਂ ਨੂੰ ਸਟੇਸ਼ਨ ਚੁਆਇਸ ਕਰਵਾਉਣ ਸਬੰਧੀ ਅਤੇ ਸਕੂਲ ਜੁਆਇਨ ਕਰਵਾਉਣ ਸਬੰਧੀ ਸਿੱਖਿਆ ਮੰਤਰੀ ਵੱਲੋਂ ਕੋਈ ਮਿਤੀ ਨਿਰਧਾਰਿਤ ਨਾ ਕੀਤੀ ਗਈ ਅਤੇ ਅਗਲੀ ਮੀਟਿੰਗ ਦਾ ਭਰੋਸਾ ਦਿੱਤਾ ਗਿਆ ਤਾਂ 21 ਸਤੰਬਰ ਤੋਂ ਪਿੰਡ ਗੰਭੀਰਪੁਰ ਵਿਖੇ ਪੱਕਾ ਮੋਰਚਾ ਆਰੰਭ ਕੀਤਾ ਜਾਵੇਗਾ, ਜੋ ਸਕੂਲਾਂ ਵਿੱਚ ਜੁਆਇਨ ਕਰਨ ਤੱਕ ਜਾਰੀ ਰਹੇਗਾ।
ਇਥੇ ਹੀ ਬਸ ਨਹੀਂ ਪੱਕੇ ਮੋਰਚੇ ਦੌਰਾਨ ਵੱਖ-ਵੱਖ ਤਰ੍ਹਾਂ ਦੇ ਗੁਪਤ ਐਕਸ਼ਨ ਅਤੇ ਨੰਗਲ ਹਾਈਵੇ ਰੋਡ ਜਾਮ ਕਰਨ ਤੋਂ ਵੀ ਗੁਰੇਜ ਨਹੀਂ ਕੀਤਾ ਜਾਵੇਗਾ।

ਰੋਜ਼ਾਨਾ ਲੋਕ ਬਾਣੀ www.lokbani

# ਪਿੰਡ ਪੱਖੋਂ ਕਲਾਂ ਵਿਖੇ ਲਗਾਇਆ ਗਿਆ ਸਰਕਾਰ ਤੁਹਾਡੇ ਦੁਆਰ ਤਹਿਤ ਵਿਸ਼ੇਸ਼ ਕੈਂਪ



ਪੱਖੋਂ ਕਲਾਂ / ਬਰਨਾਲਾ, (ਲੋਕ ਬਾਣੀ) ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਹਾ ਉਨ੍ਹਾਂ ਦੇ ਘਰਾਂ ਨੇੜੇ ਦਿਵਾਉਣ ਲਈ ਸ਼ੁਰੂ ਕੀਤੇ ਸਰਕਾਰ ਤੁਹਾਡੇ ਦੁਆਰ ਉਪਰਾਲੇ ਤਹਿਤ ਅੱਜ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਦੀ ਅਗਵਾਈ ਹੇਠ ਪਿੰਡ ਪੱਖੋਂ ਕਲਾਂ ਵਿਖੇ ਕੈਂਪ ਲਗਾਇਆ ਗਿਆ।
ਇਸ ਕੈਂਪ ਵਿੱਚ ਜਿੱਥੇ ਵੱਖ ਵੱਖ ਵਿਭਾਗਾਂ ਵਲੋਂ ਸਟਾਲ ਲਾਏ ਗਏ। ਕੈਂਪ ਦੌਰਾਨ ਲਗਭਗ ਸਾਰੇ ਸਰਕਾਰੀ ਵਿਭਾਗਾਂ ਵਲੋਂ ਆਪਣੇ ਕਾਊਂਟਰ ਲਗਾ ਕੇ ਸਕੀਮਾਂ ਲਈ ਅਪਲਾਈ ਕਰਵਾਇਆ ਗਿਆ ਅਤੇ ਯੋਗ ਵਿਅਕਤੀਆਂ ਨੂੰ ਮੌਕੇ ਤੇ ਸਰਟੀਫਿਕੇਟਾਂ ਸਮੇਂ ਵੱਖ ਵੱਖ ਸੇਵਾਵਾਂ ਦਾ ਲਾਭ ਦਿੱਤਾ ਗਿਆ।

# ਲਾਅ ਐਂਡ ਆਰਡਰ ਦੀ ਮਾੜੀ ਸਥਿਤੀ ਦੇ ਚੱਲਦੇ ਕਾਂਗਰਸੀਆਂ ਨੇ ਡੀਐਸਪੀ ਦਫਤਰ ਸਾਹਮਣੇ ਲਾਇਆ ਧਰਨਾ

ਦੀਨਾਨਗਰ, (ਡਾ.ਰਮੇਸ਼ ਸਰੰਗਲ )
ਲਗਾਤਾਰ ਵਿਗੜਦੀ ਜਾ ਰਹੀ ਕਾਨੂੰਨ ਵਿਵਸਥਾ ਦੇ ਵਿਰੋਧ 'ਚ ਪੰਜਾਬ ਕਾਂਗਰਸ ਦੀ ਕਾਲ 'ਤੇ ਅੱਜ ਦੀਨਾਨਗਰ ਦੇ ਕਾਂਗਰਸੀਆਂ ਵੱਲੋਂ ਡੀਐਸਪੀ ਦਫ਼ਤਰ ਦੇ ਬਾਹਰ ਧਰਨਾ ਦਿੱਤਾ ਗਿਆ। ਬਲਾਕ ਪ੍ਰਧਾਨ ਦਲਬੀਰ ਸਿੰਘ ਬਿੱਟੂ, ਵਰਿੰਦਰ ਕੁਮਾਰ ਭਿੰਦਾ ਅਤੇ ਚੇਅਰਮੈਨ ਹਰਵਿੰਦਰ ਸਿੰਘ ਭੱਟੀ ਦੀ ਸਾਂਝੀ ਅਗਵਾਈ ਹੇਠ ਹੋਏ ਇਸ ਐਕਸ਼ਨ ਦੌਰਾਨ ਕਾਂਗਰਸੀ ਵਰਕਰਾਂ ਨੇ ਸੂਬੇ 'ਚ ਕਾਨੂੰਨ ਵਿਵਸਥਾ ਦੀ ਬੇਕਾਬੂ ਸਥਿਤੀ ਲਈ ਸਿੱਧੇ ਤੌਰ 'ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਦੋਸ਼ੀ ਠਹਿਰਾਇਆ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਹਰਵਿੰਦਰ ਸਿੰਘ ਭੱਟੀ ਨੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਨੂੰ ਕਾਨੂੰਨ ਵਿਵਸਥਾ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਵੱਡੀਆਂ ਪਰੇਸ਼ਾਨੀਆਂ ਨਾਲ ਜੂਝਣਾ ਪੈ ਰਿਹਾ ਹੈ ਅਤੇ ਦਿਨ ਦਿਹਾੜੇ ਲੁੱਟ-ਖੋਹ ਤੇ ਕਤਲ ਦੀਆਂ ਘਟਨਾਵਾਂ ਲੋਕਾਂ ਵਿੱਚ ਡਰ ਪੈਦਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਬਾਕੀ ਵਜ਼ੀਰ ਕਾਨੂੰਨ ਵਿਵਸਥਾ ਨੂੰ ਕਾਬੂ ਵਿੱਚ ਹੋਣ ਦੇ ਝੂਠੇ ਦਾਅਵੇ ਕਰਕੇ ਲੋਕਾਂ ਨੂੰ ਮੂਰਖ਼ ਬਣਾ ਰਹੇ ਹਨ।
ਦਲਬੀਰ ਸਿੰਘ ਬਿੱਟੂ ਅਤੇ ਐਡਵੋਕੇਟ ਨਰੇਸ਼ ਠਾਕੁਰ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੀ ਹਾਲਤ ਦੀਨਾਨਗਰ ਸਮੇਤ ਪੂਰੇ ਪੰਜਾਬ ਵਿੱਚ ਐਨੀ ਜ਼ਿਆਦਾ ਮਾੜੀ ਹੋ ਚੁੱਕੀ ਹੈ ਕਿ ਲੋਕ ਦਿਨ ਵੇਲੇ ਵੀ ਸੁਰੱਖਿਅਤ ਨਹੀਂ ਹਨ ਅਤੇ ਆਏ ਦਿਨ ਲੁੱਟ ਖੋਹ ਅਤੇ ਚੋਰੀ ਦੀ ਵਾਰਦਾਤਾਂ ਵੱਧਦੀਆਂ ਜਾ ਰਹੀਆਂ ਹਨ। ਜਿਸ ਕਾਰਨ ਆਮ ਵਰਗ ਅਤੇ ਵਪਾਰੀ ਵਰਗ ਦਾ ਜਿਊਣਾ ਮੁਸ਼ਕਿਲ ਹੋ ਗਿਆ ਹੈ। ਭੁਪਿੰਦਰ ਸਿੰਘ ਸੇਖਵਾਂ ਅਤੇ ਸਾਬਕਾ ਚੇਅਰਮੈਨ ਰਘਵੀਰ ਸਿੰਘ ਕਲੀਜਪੁਰ ਨੇ ਕਿਹਾ ਕਿ ਹਾਲਤ ਐਨੀ ਚਿੰਤਾਜਨਕ ਬਣ ਚੁੱਕੀ ਹੈ ਕਿ ਲੋਕਾਂ ਨੇ ਰਾਤ ਨੂੰ ਸਫ਼ਰ ਕਰਨਾ ਕਾਫ਼ੀ ਹੱਦ ਤੱਕ ਬੰਦ ਕਰ ਦਿੱਤਾ ਹੈ ਅਤੇ ਉਹ ਇਕੱਲੇ ਘਰੋਂ ਨਿਕਲਣ ਤੋਂ ਵੀ ਡਰਦੇ ਹਨ। ਉਨ੍ਹਾਂ ਦੀਨਾਨਗਰ ਹਲਕੇ ਅੰਦਰ ਪਿਛਲੇ ਦਿਨਾਂ 'ਚ ਵਾਪਰੀਆਂ ਲੁੱਟ ਖੋਹ ਅਤੇ ਚੋਰੀ ਦੀਆਂ ਕਈ ਘਟਨਾਵਾਂ ਦਾ ਹਵਾਲਾ ਦਿੰਦਿਆਂ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਚੁੱਕੇ। ਆਗੂਆਂ ਨੇ ਕਿਹਾ ਕਿ ਪੰਜਾਬ ਦੀ ਖੁਸ਼ਹਾਲੀ ਅਤੇ ਕਾਨੂੰਨ ਵਿਵਸਥਾ ਨੂੰ ਮੁੜ ਲੀਹ 'ਤੇ ਲਿਆਉਣ ਲਈ ਰਾਜ ਅੰਦਰ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਲਿਆਉਣਾ ਬੇਹੱਦ ਜ਼ਰੂਰੀ ਹੈ। ਇਸ ਦੌਰਾਨ ਧਰਨਾ ਸਥਾਨ 'ਤੇ ਪੰਹੁਚੇ ਡੀਐਸਪੀ ਦੀਨਾਨਗਰ ਸੁਰਿੰਦਰ ਕੁਮਾਰ ਨੂੰ ਧਰਨਾਕਾਰੀਆਂ ਨੇ ਮੰਗ ਪੱਤਰ ਵੀ ਸੌਂਪਿਆ। ਇਸ ਮੌਕੇ ਤੇ ਵਰਿੰਦਰ ਨੌਸ਼ਹਿਰਾ, ਯੂਥ ਨੇਤਾ ਰੰਮੀ ਠਾਕੁਰ, ਡਾਕਟਰ ਬੋਧ ਰਾਜ, ਮੀਡੀਆ ਇੰਚਾਰਜ ਦੀਪਕ ਭੱਲਾ,ਕੌਂਸਲਰ ਰਾਮ ਲਾਲ, ਪਰਮਜੀਤ ਕੌਰ, ਰਮੇਸ਼ ਕਲੋਤਰਾ, ਰਜਿੰਦਰ ਸਿੰਘ ਰਾਜੂ, ਸੁਸ਼ਮਾ ਦੇਵੀ ਤੋਂ ਇਲਾਵਾ ਵੱਡੀ ਗਿਣਤੀ ਚ ਕਾਂਗਰਸੀਆਂ ਨੇ ਹਿੱਸਾ ਲਿਆ।



ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਆਈ.ਟੀ.ਆਈ.ਰੜਿਆਲਾ ਵਿਖੇ ਰੋਜ਼ਗਾਰ ਮੇਲਾ ਲਗਾਇਆ



ਖਰੜ, ( ਕਾਲਾ ਸਿੰਘ ਸੈਣੀ ):- ਸਰਕਾਰੀ ਉਦਯੋਗ ਸਿਖਲਾਈ ਸੰਸਥਾ ਆਈ ਟੀ ਆਈ ਖਰੜ ਅਤੇ ਰੜਿਆਲਾ ਵੱਲੋਂ ਰੋਜ਼ਗਾਰ ਮੇਲਾ ਲਗਾਇਆ ਗਿਆ। ਜਿਸ ਵਿੱਚ ਪੰਜ ਤੋਂ ਸੱਤ ਕੰਪਨੀਆਂ ਨੇ ਭਾਗ ਲਿਆ ਅਤੇ ਇਸ ਮੇਲੇ ਵਿੱਚ ਲੜਕੀਆਂ ਵੱਲੋਂ ਵੱਧ ਚੜ ਕੇ ਹਿੱਸਾ ਲਿਆ ਗਿਆ। ਮੇਲੇ ਵਿੱਚ ਵੱਖ ਵੱਖ ਸ਼ਹਿਰਾਂ ਤੋ ਲੜਕੀਆਂ ਨੇ ਆਪਣੇ ਰਿਜਿਊਮ ਦੇ ਕੇ ਕੰਪਨੀਆਂ ਵਿੱਚ ਨੌਕਰੀਆਂ ਹਾਸਲ ਕੀਤੀਆਂ ਜਿਸ ਵਿੱਚ ਟਾਈਨੋਰ,ਸਵਰਾਜ ਮਹਿੰਦਰਾ,ਬਿਊਟੀ ਸਲੂਨ ਵੀਰਾ ਕੰਪਨੀ ਵੱਲੋਂ ਭਾਗ ਲਿਆ ਗਿਆ ਜਿਨਾਂ ਵਲੋ ਲੜਕੀਆਂ ਨੂੰ ਰੋਜ਼ਗਾਰ ਮੁਹਈਆ ਕਰਵਾਈਆ ਗਿਆ ਇਸ ਮੌਕੇ ਮੁੱਖ ਮਹਿਮਾਨ ਵਜੋਂ ਐਮਸੀ ਸ਼ਿਵਾਨੀ ਚੱਡਾ ਨੇ ਲੜਕੀਆਂ ਨੂੰ ਹੌਸਲਾ ਦਿੰਦੇ ਹੋਏ ਕਿਹਾ ਕਿ ਇਹੋ ਜਿਹੇ ਉਪਰਾਲੇ ਹਰ ਸ਼ਹਿਰ ਵਿੱਚ ਹੋਣੇ ਚਾਹੀਦੇ ਹਨ,ਲੜਕੀਆਂ ਕਿਸੇ ਨਾਲੋਂ ਘੱਟ ਨਹੀਂ ਹਨ ਅੱਜ ਦਾ ਯੁਗ ਬਦਲ ਚੁੱਕਿਆ ਹੈ ਤਾਂ ਲੜਕੀਆਂ ਨੂੰ ਵੱਧ ਚੜ ਕੇ ਇਹੋ ਜਿਹੇ ਰੋਜ਼ਗਾਰ ਮੇਲਿਆਂ ਦਾ ਵਿੱਚ ਪਹੁੰਚ ਮੌਕੇ ਦਾ ਲਾਭ ਲੈਣਾ ਚਾਹੀਦਾ ਹੈ। ਕੌਂਸਲਰ ਸ਼ਿਵਾਨੀ ਚੱਡਾ ਨੇ ਵਿਸ਼ੇਸ਼ ਤੌਰ 'ਤੇ ਸਿਰਕਤ ਕੀਤੀ। ਇਸ ਮੌਕੇ ਪ੍ਰਿੰਸੀਪਲ ਅੰਮ੍ਰਿਤ ਬੀਰ ਕੌਰ ਨੇ ਕੌਂਸਲਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਰੋਜ਼ਗਾਰ ਮੇਲਾ ਪਹਿਲੀ ਵਾਰ ਰੜਿਆਲੇ ਦੀ ਆਈ ਟੀ ਆਈ ਵਿੱਚ ਲੱਗਿਆ ਹੈ ਤੇ ਇਸ ਵਿੱਚ ਬੱਚਿਆਂ ਦਾ ਕਾਫੀ ਇਕੱਠ ਵੀ ਦੇਖਣ ਨੂੰ ਮਿਲਿਆ ਹੈ। ਇੱਥੇ ਜੋ ਸਿਖਲਾਈ ਕੁੜੀਆ ਨੂੰ ਦਿੱਤੀ ਜਾਂਦੀ ਹੈ ਉਸ ਵਿੱਚ ਬਿਊਟੀ ਪਾਰਲਰ, ਕੰਪਿਊਟਰ ਦਾ ਕੋਰਸ ਆਦਿ ਕਰਵਾਇਆ ਜਾਂਦਾ ਹੈ ਜਿਸ ਨੂੰ ਕੁੜੀਆ ਖੂਬੀ ਤਰੀਕੇ ਨਾਲ ਸਿੱਖ ਕੇ ਅੱਗੋਂ ਰੋਜ਼ਗਾਰ ਪ੍ਰਾਪਤ ਕਰ ਰਹੀਆ ਹਨ।

# ਬਲਾਕ ਕਾਂਗਰਸ ਕਮੇਟੀ ਖਰੜ ਵੱਲੋਂ ਡੀ ਐਸ ਪੀ ਖਰੜ ਨੂੰ ਦਿੱਤਾ ਮੰਗ ਪੱਤਰ



ਖਰੜ, ( ਕਾਲਾ ਸਿੰਘ ਸੈਣੀ ):- -ਗੁਰਿੰਦਰ ਸਿੰਘ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਖਰੜ ਦੀ ਅਗਵਾਈ ਵਿੱਚ ਅੱਜ ਪੰਜਾਬ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਹੇਠ ਵਿਗੜ ਰਹੀ ਕਾਨੂੰਨੀ ਵਿਵਸਥਾ ਸੰਬੰਧੀ ਧਰਨਾ ਦਿੱਤਾ ਗਿਆ ਅਤੇ ਡੀ ਐਸ ਪੀ ਖਰੜ ਨੂੰ ਮੰਗ ਪੱਤਰ ਦਿੱਤਾ ਗਿਆ ਇਸ ਮੌਕੇ ਸ੍ਰੀ ਵਿਜੇ ਸ਼ਰਮਾ ਟਿੰਕੂ ਹਲਕਾ ਇੰਚਾਰਜ ਕਾਂਗਰਸ ਪਾਰਟੀ ਖਰੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਕਾਰੋਬਾਰ ਬਰਬਾਦ ਹੋ ਰਹੇ ਹਨ । ਲੁੱਟਾਂ ਖੋਹਾਂ ਅਤੇ ਗੈਂਗਸਟਰਵਾਦ ਕਾਰਨ ਲਾਅ ਐਂਡ ਆਰਡਰ ਦੀ ਸਥਿਤੀ ਤਹਿਸ ਨਹਿਸ ਹੋਈ ਪਈ ਹੈ ਅਤੇ ਪੰਜਾਬ ਵਿੱਚ ਜੰਗਲ ਰਾਜ ਵਰਗੇ ਹਾਲਤ ਬਣੇ ਹੋਏ ਹਨ ਜਿਸ ਕਾਰਨ ਪੰਜਾਬ ਦਾ ਉਦਯੋਗ ਬਾਹਰ ਜਾ ਰਿਹਾ ਹੈ ਅਤੇ ਕੋਈ ਵੀ ਪੰਜਾਬ ਵਿੱਚ ਨਿਵੇਸ਼ ਕਰਕੇ ਆਪਣੇ ਆਪ ਨੂੰ ਖ਼ਤਰੇ ਵਿੱਚ ਪਾਉਣਾ ਠੀਕ ਨਹੀਂ ਸਮਝ ਰਿਹਾ। ਨਸ਼ਿਆਂ ਦੀ ਵਿਕਰੀ ਸ਼ਰੇਆਮ ਹੋ ਰਹੀ ਹੈ ਤੇ ਪ੍ਰਸ਼ਾਸਨ ਹੱਥ ਤੇ ਹੱਥ ਧਰਕੇ ਬੈਠਾ ਹੈ ਇੰਜ ਮਹਿਸੂਸ ਹੋ ਰਿਹਾ ਹੈ ਕਿ ਸੂਬੇ ਵਿੱਚ ਸਰਕਾਰ ਨਾਂ ਦਾ ਕੁੱਝ ਵੀ ਨਹੀਂ ਹੈ। ਰਿਸ਼ਵਤਖੋਰੀ ਦਾ ਆਮ ਵਰਗੀ ਗੱਲ ਬਣੀ ਹੋਈ ਹੈ ਇਸ ਮੌਕੇ ਸ੍ਰੀ ਮੰਗਤ ਖ਼ਾਨ ਝੰਜੇੜੀ,ਬਾਬੂ ਸਿੰਘ ਪਮੌਰ,ਦੀਪਕ ਸ਼ਰਮਾ ਸ਼ਹਿਰੀ ਪ੍ਰਧਾਨ, ਵਿਸ਼ਾਲ ਬੱਟ, ਰਜਿੰਦਰ ਸਿੰਘ ਡਾਲੋ ਗਗਨਦੀਪ ਸਿੰਘ ਬਲਾਕ ਸੰਮਤੀ ਮੈਂਬਰ, ਸੁਖਵਿੰਦਰ ਸਿੰਘ ਸਰਪੰਚ ਹਸਨਪੁਰ ,ਜਸਵੀਰ ਸਿੰਘ ਐਮ ਸੀ ਅਨਵਰ ਖ਼ਾਨ ਚੰਨੀ, ਪਰਵਿੰਦਰ ਸਿੰਘ ਸੇਠੀ, ਮਨਜੀਤ ਕੌਰ ਸੋਨੂੰ ਸੋਸ਼ਲ ਮੀਡੀਆ ਇੰਚਾਰਜ, ਸਰਬਜੀਤ ਕੌਰ, ਸ਼ੇਰ ਸਿੰਘ ਗੋਰਾਇਆ,ਅਮਨ ਸ਼ਰਮਾ ਝੰਜੇੜੀ, ਰਣਧੀਰ ਸਿੰਘ ਜੰਡ ਪੁਰ, ਜਸਪਾਲ ਸਿੰਘ, ਅਮਰਜੀਤ ਸਿੰਘ ਜੰਡ ਪੁਰ ਬੰਟੀ ਰਸਨਹੇੜੀ ਆਦਿ ਅਤੇ ਹੋਰ ਵੀ ਕਾਂਗਰਸ ਪਾਰਟੀ ਹਿਤੈਸ਼ੀ ਹਾਜ਼ਰ ਸਨ।

# ਕਪੂਰਥਲਾ ਪੁਲਿਸ ਵੱਲੋਂ ਪੈਸਿਆਂ ਦੀ ਲੁੱਟ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ 02 ਵਿਅਕਤੀ ਗ੍ਰਿਫਤਾਰ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸ੍ਰੀਮਤੀ ਵਤਸਲਾ ਗੁਪਤਾ ਆਈ. ਪੀ.ਐਸ., ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਜੀ ਦਿਸ਼ਾ ਨਿਰਦੇਸ਼ ਹੇਠ ਮਾੜੇ ਅਨਸਰਾਂ ਦੇ ਖਿਲਾਫ ਵਿੱਢੀ ਮੁਹਿੰਮ ਦੇ ਤਹਿਤ ਜਿਲਾ ਕਪੂਰਥਲਾ ਦੀ ਸਬ ਡਵੀਜਨ ਫਗਵਾੜਾ ਪੁਲਿਸ ਟੀਮ ਵੱਲੋਂ ਮਿਤੀ 14-09-2024 ਨੂੰ ਸੇਠੀ ਮੈਡੀਕਲ ਫਗਵਾੜਾ ਵਿਖੇ ਹੋਈ ਪੈਸਿਆਂ ਦੀ ਚੋਰੀ ਕਰਨ ਵਾਲੇ 02 ਦੋਸ਼ੀਆਂ ਨੂੰ ਕੀਤਾ ਗ੍ਰਿਫਤਾਰ।

ਸ੍ਰੀਮਤੀ ਰੁਪਿੰਦਰ ਕੌਰ ਭੱਟੀ ਪੀ.ਪੀ.ਐਸ. ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 14.09.2024 ਨੂੰ ਸੂਚਨਾ ਮਿਲੀ ਸੀ ਕਿ ਸੇਠੀ ਮੈਡੀਕਲ ਸਟੋਰ ਹਰਗੋਬਿੰਦ ਨਗਰ ਤੋਂ ਦੋ ਨਾਮਲੂਮ ਵਿਅਕਤੀ ਗੱਲੇ ਵਿੱਚੋਂ ਪੈਸੇ ਚੋਰੀ ਕਰਕੇ ਮੌਕਾ ਤੋਂ ਫਰਾਰ ਹੋ ਗਏ ਹਨ। ਜਿਸ ਤੇ ਮੁਕੱਦਮਾ ਨੰਬਰ 205 ਮਿਤੀ 15- 09-2024 ਅ/ਧ 303(2) 2©♥ ਥਾਣਾ ਸਿਟੀ ਫਗਵਾੜਾ ਜਿਲਾ ਕਪੂਰਥਲਾ ਦਰਜ ਰਜਿਸਟਰ ਕੀਤਾ ਗਿਆ। ਨਿਮਨ ਹਸਤਾਖਰ ਦੀ ਨਿਗਰਾਨੀ ਹੇਠ, ਸ਼੍ਰੀ ਜਸਪ੍ਰੀਤ ਸਿੰਘ ਪੀ.ਪੀ.ਐਸ. ਉੱਪ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਦੀ ਸੁਪਰਵੀਜਨ ਹੇਠ ਇੰਸਪੈਕਟਰ ਜਤਿੰਦਰ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਫਗਵਾੜਾ ਦੀ ਪੁਲਿਸ ਟੀਮ ਨੂੰ ਉਸ ਸਮੇਂ ਭਾਰੀ ਸਫਲਤਾ ਪ੍ਰਾਪਤ ਹੋਈ ਜਦੋਂ ਮੁਕੱਦਮਾ ਨੂੰ ਵੱਖ-ਵੱਖ ਐਂਗਲਾਂ ਤੋਂ ਅਤੇ ਟੈਕਨੀਕਲ ਤੌਰ ਤੇ ਡੂੰਘਾਈ ਨਾਲ ਤਫਤੀਸ਼ ਕਰਦੇ ਹੋਏ ਬਸਰਾ ਪੈਲੇਸ ਬੰਗਾ ਰੋਡ ਤੇ ਨਾਕਾਬੰਦੀ ਦੌਰਾਨ ਮੁੰਨਾ ਕੁਮਾਰ ਉਰਫ ਰਾਵਣ ਪੁੱਤਰ ਛੋਟੂ ਕੁਮਾਰ ਵਾਸੀ ਜਗਤ ਰਾਮ ਸੂੰਢ ਕਲੋਨੀ ਫਗਵਾੜਾ ਅਤੇ ਅਮਿਤ ਕੁਮਾਰ ਉਰਫ ਅੰਬਾ ਪੁੱਤਰ ਬਿੱਟੂ ਵਾਸੀ ਪਲਾਹੀ ਗੇਟ ਫਗਵਾੜਾ ਜਿਲਾ ਕਪੂਰਥਲਾ ਨੂੰ ਮੁਕੱਦਮਾ ਹਜਾ ਵਿੱਚ ਗ੍ਰਿਫਤਾਰ ਕੀਤਾ ਗਿਆ। ਜਿਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਕੇ ਹੋਰ ਵੀ ਪੁੱਛਗਿੱਛ ਕੀਤੀ ਜਾਵੇ, ਜਿਸ ਪਾਸੋਂ ਹੋਰ ਵੀ ਅਹਿਮ ਸਨਸਨੀਖੇਜ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਰੋਜ਼ਾਨਾ ਲੋਕ ਬਾਣੀ www.lokbani

# ਫਗਵਾੜਾ ਪੁਲਿਸ ਵੱਲੋਂ ਵਿਦੇਸ਼ ਭੇਜਣ ਦੇ ਨਾਮ ਤੇ ਠੱਗੀਆਂ ਮਾਰਨ ਵਾਲਾ ਏਜੰਟ ਗ੍ਰਿਫਤਾਰ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸ੍ਰੀਮਤੀ ਵਤਸਲਾ ਗੁਪਤਾ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਦਿਸ਼ਾ ਨਿਰਦੇਸ਼ ਹੇਠ ਮਾੜੇ ਅਨਸਰਾਂ ਦੇ ਖਿਲਾਫ ਵਿੱਢੀ ਮੁਹਿੰਮ ਦੇ ਤਹਿਤ ਜ਼ਿਲ੍ਹਾ ਕਪੂਰਥਲਾ ਦੀ ਸਬ ਡਵੀਜਨ ਫਗਵਾੜਾ ਪੁਲਿਸ ਟੀਮ ਵੱਲੋਂ ਵਿਦੇਸ਼ ਭੇਜਣ ਦੇ ਨਾਮ ਤੇ ਠੱਗੀਆਂ ਮਾਰਨ ਵਾਲੇ ਦੋਸ਼ੀ ਨੂੰ ਕੀਤਾ ਗ੍ਰਿਫਤਾਰ ਸ੍ਰੀਮਤੀ ਰੁਪਿੰਦਰ ਕੌਰ ਭੱਟੀ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹਨਾਂ ਦੀ ਸੁਪਰਵੀਜਨ ਹੇਠ ਜਸਪ੍ਰੀਤ ਸਿੰਘ ਉੱਪ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਦੀ ਨਿਗਰਾਨੀ ਹੇਠ ਇੰਸਪੈਕਟਰ ਜਤਿੰਦਰ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਫਗਵਾੜਾ ਦੀ ਪੁਲਿਸ ਟੀਮ ਦੇ ਇੰਚਾਰਜ ਨੂੰ ਸੂਚਨਾ ਮਿਲੀ ਕਿ ਡਰੀਮ ਵੀਜਾ ਓਵਰਸੀਜ ਸਿਟੀ ਸੈਂਟਰ ਮਾਰਕੀਟ ਜੀ.ਟੀ ਰੋਡ ਨਜਦੀਕ ਫਗਵਾੜਾ ਦੇ ਮਾਲਕ ਅਨਿਕੇਤ ਆਨੰਦ ਉਰਫ ਅੰਕੁਸ਼ ਪੁੱਤਰ ਰਾਜੇਸ਼ ਕੁਮਾਰ ਵਾਸੀ ਮਕਾਨ ਨੰਬਰ 1762 ਹਿੱਲ ਟਾਪ ਕਲੋਨੀ ਭਾਮੀਆ ਖੁਰਦ ਨੇੜੇ ਜਮਾਲਪੁਰ ਲੁਧਿਅਣਾ ਥਾਣਾ ਜਮਾਲਪੁਰ ਲੁਧਿਆਣਾ ਸਮੇਤ ਅਪਣੇ ਸਾਥੀਆਂ ਰੈਬਿਨ ਉਰਫ ਦਿਲਪ੍ਰੀਤ ਅਤੇ ਜਗਵੀਰ ਸਿੰਘ ਨਾਲ ਮਿਲ ਕੇ ਭੋਲੇ ਭਾਲੇ ਲੋਕਾਂ ਨੂੰ ਧੋਖਾਧੜੀ ਨਾਲ ਵੀਜਾ ਲਗਵਾਉਣ ਦਾ ਝੂਠਾ ਲਾਲਚ ਦੇ ਕੇ ਠੱਗੀਆਂ ਮਾਰ ਰਹੇ ਹਨ, ਜਿਹਨਾ ਨੇ ਹੁਣ ਤੱਕ ਕਾਫੀ ਭੋਲੇ ਭਾਲੇ ਲੋਕਾਂ ਨਾਲ ਠੱਗੀਆਂ ਮਾਰੀਆਂ ਹਨ ਜਿਸ ਤੇ ਇਹਨਾਂ ਦੇ ਖਿਲਾਫ ਮੁਕੱਦਮਾ ਨੰਬਰ 204 ਮਿਤੀ 13-09-2024 □/□ 318 (4), 60 2©♥ (420,120- ਭ: ਦ) ਥਾਣਾ ਸਿਟੀ ਫਗਵਾੜਾ ਜ਼ਿਲ੍ਹਾ ਕਪੂਰਥਲਾ ਦਰਜ ਰਜਿਸਟਰ ਕਰਕੇ ਰੇਡ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ। ਜੋ ਦੋਸ਼ੀ ਅਨੀਕੇਤ ਆਨੰਦ ਉਰਫ ਅੰਕੁਸ ਪੁਤਰ ਰਾਜੇਸ ਕੁਮਾਰ ਵਾਸੀ ਮਕਾਨ ਨੰ: 1762 ਹਿਲ ਟਾਪ ਕਲੋਨੀ ਭਾਮੀਆ ਖੁਰਦ ਨੇੜੇ ਜਮਾਲਪੁਰ ਲੁਧਿਅਣਾ ਥਾਣਾ ਜਮਾਲਪੁਰ ਲੁਧਿਆਣਾ ਨੂੰ ਮਿਤੀ 15-09-2024 ਨੂੰ ਗ੍ਰਿਫਤਾਰ ਕੀਤਾ ਗਿਆ, ਜੋ ਕਿ ਇਸ ਟ੍ਰੈਵਲ ਏਜੰਟੀ ਦਾ ਦਫਤਰ ਖੋਲਣ ਸਬੰਧੀ ਕੋਈ ਵੀ ਸਰਟੀਫਿਕੇਟ ਪੇਸ਼ ਨਹੀਂ ਕਰ ਸਕਿਆ ਸੀ, ਜਿਸ ਤੇ ਮੁਕੱਦਮਾ ਹਜਾ ਵਿੱਚ ਜੁਰਮ 13 ਦੀ ਪੰਜਾਬ ਟ੍ਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ 2014 ਦਾ ਵਾਧਾ ਕੀਤਾ ਗਿਆ

ਰੋਜ਼ਾਨਾ ਲੋਕ ਬਾਣੀ www.lokbani

# ਭਗਵੰਤ ਮਾਨ ਸਰਕਾਰ ਨੂੰ ਸੂਬੇ ਦੀ ਢਹਿੰਦੀ ਕਾਨੂੰਨ ਵਿਵਸਥਾ ਦੀ ਨਹੀਂ ਕੋਈ ਚਿੰਤਾ - ਬਲਵਿੰਦਰ ਸਿੰਘ ਧਾਲੀਵਾਲ

## ਕਾਂਗਰਸ ਪਾਰਟੀ ਨੇ ਡੀ.ਐਸ.ਪੀ. ਦਫਤਰ ਅੱਗੇ ਲਾਇਆ ਧਰਨਾ

## ਸਮਾਜ ਵਿਰੋਧੀ ਅਨਸਰਾਂ ਖਿਲਾਫ ਕੀਤੀ ਸਖਤ ਕਾਰਵਾਈ ਦੀ ਮੰਗ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਕਾਂਗਰਸ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਵਲੋਂ ਸੂਬੇ ਵਿੱਚ ਵੱਧ ਰਹੀਆਂ ਕਤਲ ਅਤੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਤੇ ਵਿਗੜ ਦੀ ਕਾਨੂੰਨ ਵਿਵਸਥਾ ਦੇ ਮੁੱਦੇ ਨੂੰ ਲੈ ਕੇ ਅੱਜ ਐਸ.ਪੀ. ਦਫਤਰ ਅੱਗੇ ਧਰਨਾ ਲਗਾਇਆ। ਇਸ ਮੌਕੇ ਹਲਕਾ ਵਿਧਾਇਕ ਅਤੇ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ 'ਚ ਡੀ.ਐਸ.ਪੀ. ਫਗਵਾੜਾ ਨੂੰ ਇਕ ਮੰਗ ਪੱਤਰ ਵੀ ਦਿੱਤਾ ਗਿਆ। ਇਸ ਤੋਂ ਪਹਿਲਾਂ ਧਰਨਾ ਕਾਰੀਆਂ ਨੂੰ ਸੰਬੋਧਨ ਕਰਦਿਆਂ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਸੂਬੇ ਵਿੱਚ ਦਿਨ-ਦਿਹਾੜੇ ਹੋ ਰਹੀਆਂ ਲੁੱਟਾਂ ਖੋਹਾਂ ਅਤੇ ਕਤਲ ਦੀਆਂ ਵਾਰਦਾਤਾਂ ਨਾਲ ਆਮ ਲੋਕਾਂ 'ਚ ਦਹਿਸ਼ਤ ਅਤੇ ਡਰ ਦਾ ਮਾਹੌਲ ਹੈ। ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਨੂੰ ਕਾਨੂੰਨ ਵਿਵਸਥਾ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਰਕਾਰ ਦੇ ਸੱਤਾ 'ਚ ਆਉਣ ਤੋਂ ਬਾਅਦ ਗੈਂਗਸਟਰਵਾਦ ਫੱਲ-ਫੁੱਲ ਰਿਹਾ ਹੈ। ਆਮ ਲੋਕਾਂ ਅਤੇ ਵਪਾਰੀ ਵਰਗ ਲਈ ਆਪਣੇ ਘਰਾਂ ਵਿਚੋਂ ਨਿਕਲਣਾ ਮੁਸ਼ਕਲ ਹੈ ਕਿਉਂਕਿ ਹਰ ਸਮੇਂ ਕਿਸੇ ਅਣਸੁਖਾਵੀਂ ਘਟਨਾ ਦਾ ਖਤਰਾ ਬਣਿਆ ਰਹਿੰਦਾ ਹੈ। ਵਪਾਰੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ। ਢਹਿੰਦੀ ਕਾਨੂੰਨ ਵਿਵਸਥਾ ਕਾਰਨ ਗੈਂਗਸਟਰਾਂ ਅਤੇ ਲੁਟੇਰਿਆਂ ਦੇ ਹੌਂਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਲੋਕਾਂ ਨੂੰ ਉਹਨਾਂ ਦੇ ਘਰਾਂ ਵਿੱਚ ਵੜ ਕੇ ਮਾਰਿਆ ਜਾ ਰਿਹਾ ਹੈ। ਧਾਲੀਵਾਲ ਨੇ ਕਿਹਾ ਕਿ ਸਭ ਕੁਝ ਅੱਖਾਂ ਸਾਹਮਣੇ ਦੇਖਦੇ ਹੋਏ ਵੀ ਸੂਬੇ ਪੁਲਿਸ ਪ੍ਰਸ਼ਾਸਨ ਹੱਥ 'ਤੇ ਹੱਥ ਧਰ ਕੇ ਬੈਠਾ ਤਮਾਸ਼ਾ ਦੇਖ ਰਿਹਾ ਹੈ, ਕਿਉਂਕਿ ਭਗਵੰਤ ਮਾਨ ਸਰਕਾਰ ਵਲੋਂ ਉਹਨਾਂ ਨੂੰ ਸਖਤੀ ਦਾ ਆਦੇਸ਼ ਨਹੀਂ ਹੈ। ਉਹਨਾਂ ਕਿਹਾ ਕਿ ਆਮ ਲੋਕਾਂ ਨੂੰ ਰਾਹ ਜਾਂਦਿਆਂ ਬੰਦੂਕ ਦੀ ਨੋਕ 'ਤੇ ਲੁੱਟ ਲਿਆ ਜਾਂਦਾਂ ਹੈ ਤੇ ਵਪਾਰੀ ਵਰਗ ਨੂੰ ਫਿਰੌਤੀਆਂ ਦੀਆਂ ਧਮਕੀਆਂ ਹਰ ਰੋਜ਼ ਮਿਲ ਰਹੀਆਂ ਹਨ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਇੰਨਾ ਕੁੱਝ ਹੋਣ ਦੇ ਬਾਵਜੂਦ ਵੀ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਹਨਾਂ ਦੀ ਸਾਰੀ ਕੈਬਿਨੇਟ ਗੁਆਂਢੀ ਸੂਬੇ ਹਰਿਆਣਾ ਦੀਆਂ ਵਿਧਾਨਸਭਾ ਚੋਣ ਸਭਾਵਾਂ 'ਚ ਪੰਜਾਬ ਦੀ ਖੁਸ਼ਹਾਲੀ ਦੇ ਸੋਹਲੇ ਗਾ ਰਹੀ ਹੈ। ਧਾਲੀਵਾਲ ਨੇ ਦੱਸਿਆ ਕਿ ਮੰਗ ਪੱਤਰ ਵਿਚ ਇਹਨਾਂ ਸਾਰੀਆਂ ਗੱਲਾਂ ਦਾ ਜਿਕਰ ਕਰਦਿਆਂ ਮੰਗ ਕੀਤੀ ਗਈ ਹੈ ਕਿ ਸਮਾਜ ਵਿਰੋਧੀ ਅਨਸਰਾਂ ਖਿਲਾਫ ਸਖ਼ਤ ਕਦਮ ਚੁੱਕੇ ਜਾਣ ਤਾਂ ਜੋ ਆਮ ਲੋਕ ਆਪਣਾ ਜੀਵਨ ਬਿਨ੍ਹਾ ਕਿਸੇ ਡਰ-ਭੈਅ ਤੋਂ ਬਤੀਤ ਕਰ ਸਕਣ। ਇਸ ਦੌਰਾਨ ਡੇਲੀਗੇਟ ਮੈਂਬਰ ਗੁਰਜੀਤ ਪਾਲ ਵਾਲੀਆ ਅਤੇ ਹੋਰਨਾਂ ਨੇ ਫਗਵਾੜਾ 'ਚ ਬੀਤੇ ਕੁੱਝ ਦਿਨਾਂ ਦੌਰਾਨ ਹੋਈਆਂ ਲੁੱਟਾਂ ਖੋਹਾਂ ਦਾ ਵੀ ਜਿਕਰ ਕੀਤਾ ਅਤੇ ਜਲਦੀ ਤੋਂ ਜਲਦੀ ਲੁਟੇਰਿਆਂ ਨੂੰ ਗਿਰਫਤਾਰ ਕਰਨ ਦੀ ਮੰਗ ਕੀਤੀ। ਇਸ ਮੌਕੇ ਮਾਰਕਿਟ ਕਮੇਟੀ ਫਗਵਾੜਾ ਦੇ ਸਾਬਕਾ ਚੇਅਰਮੈਨ ਨਰੇਸ਼ ਭਾਰਦਵਾਜ, ਸੀਨੀਅਰ ਆਗੂ ਵਿਨੋਦ ਵਰਮਾਨੀ, ਬਲਾਕ ਸੰਮਤੀ ਚੇਅਰਮੈਨ ਗੁਰਦਿਆਲ ਸਿੰਘ ਭੁੱਲਾਰਾਈ, ਮਨੀਸ਼ ਭਾਰਦਵਾਜ, ਸਾਬਕਾ ਕੌਂਸਲਰ ਪਰਮਦੇਵ ਸੁਧੀਰ ਨਿੱਕਾ, ਸਾਬਕਾ ਕੌਂਸਲਰ ਜਤਿੰਦਰ ਵਰਮਾਨੀ, ਜਸਵੰਤ ਸਿੰਘ ਨੀਟਾ ਦਿਹਾਤੀ ਪ੍ਰਧਾਨ, ਸੋਹਨ ਸਿੰਘ ਪਰਮਾਰ, ਸੰਜੀਵ ਸ਼ਰਮਾ ਟੀਟੂ, ਰਜਤ ਭੁੱਲਾਰਾਈ, ਵਿੱਕੀ ਵਾਲੀਆ ਰਾਣੀਪੁਰ, ਲਾਡੀ ਸਰਪੰਚ, ਡਾ. ਰਮਨ ਸ਼ਰਮਾ, ਕਮਲਜੀਤ ਬਿੱਟੂ ਜਿਲ੍ਹਾ ਸਕੱਤਰ ਕਾਂਗਰਸ ਕਮੇਟੀ, ਗੁਲਜਾਰ ਸਿੰਘ ਸਰਪੰਚ ਅਕਾਲਗੜ ਤੁਲਸੀ ਰਾਮ ਖੋਸਲਾ, ਸੰਗੀਤਾ ਧੀਰ, ਮੀਨਾਕਸ਼ੀ ਵਰਮਾ, ਸ਼ਵਿੰਦਰ ਨਿਸ਼ਚਲ, ਸੀਤਾ ਦੇਵੀ, ਗੁਰਦੀਪ ਗਰੇਵਾਲ, ਅਮਰਜੀਤ ਬਸੂਟਾ, ਪਿਆਰਾ ਰਾਮ ਭਾਣੋਕੀ, ਮਨਜੀਤ ਬਰਨਾ, ਰਵੀ ਪਲਾਹੀ ਆਦਿ ਹਾਜਰ ਸਨ





ਰੋਜ਼ਾਨਾ ਲੋਕ ਬਾਣੀ
www.lokbani

# ਅੱਜ ਲੱਗੇਗਾ ਰਿਜ਼ਨਲ ਕਿਸਾਨ ਮੇਲਾ' ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰਿਜ਼ਨਲ ਸਟੇਸ਼ਨ ਗੁਰਦਾਸਪੁਰ ਵਿਖੇ

ਗੁਰਦਾਸਪੁਰ-ਨਵਨੀਤ ਕੁਮਾਰ – 'ਕੁਦਰਤੀ ਸੋਮੇ ਬਚਾਓ ਅਤੇ ਸਭ ਨੂੰ ਖੁਸ਼ਹਾਲ ਬਣਾਉਣ 'ਦੇ ਉਦੇਸ਼ ਨਾਲ 'ਰਿਜ਼ਨਲ ਕਿਸਾਨ ਮੇਲਾ' ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਰਿਜ਼ਨਲ ਸਟੇਸ਼ਨ ਗੁਰਦਾਸਪੁਰ ਵਿਖੇ 18 ਸਤੰਬਰ ਦਿਨ ਬੁੱਧਵਾਰ ਲਗਾਇਆ ਜਾ ਰਿਹਾ ਹੈ। ਇਸ ਮੇਲੇ ਦੇ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ, ਫੂਡ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਪੰਜਾਬ ਹੋਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਕੇਂਦਰ ਦੇ ਨਿਰਦੇਸ਼ਕ ਡਾ ਹਰਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਮੇਲੇ ਵਿੱਚ ਹਾੜੀ ਦੀਆਂ ਫ਼ਸਲਾਂ ਦੇ ਸੁਧਰੇ ਬੀਜ, ਫਲ਼ਦਾਰ ਬੂਟੇ ਅਤੇ ਸ਼ਬਜੀਆਂ ਦੀ ਪਨੀਰੀ ਮੁਹੱਈਆ ਕਰਵਾਈ ਜਾਵੇਗੀ। ਵੱਖ ਵੱਖ ਵਿਸ਼ਾ ਮਾਹਿਰਾ ਵੱਲੋ ਹਾੜੀ ਦੀਆਂ ਫ਼ਸਲਾਂ ਦੀ ਕਾਸ਼ਤ ਬਾਰੇ ਤਕਨੀਕੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਕਿਸਾਨਾਂ ਦੀਆਂ ਖੇਤੀ ਮੁਸ਼ਕਿਲਾਂ ਬਾਰੇ ਸੁਆਲ-ਜੁਆਬ ਵੀ ਹੋਣਗੇ। ਇਸ ਤੋ ਇਲਾਵਾ ਪੀ ਏ ਯੂ ਅਤੇ ਪ੍ਰਾਈਵੇਟ ਕੰਪਨੀਆਂ ਵੱਲੋ ਸਟਾਲ/ਪ੍ਰਦਰਸ਼ਨੀਆਂ ਵੀ ਲਗਾਏ ਜਾਣਗੇ, ਜਿਸ ਵਿੱਚ ਕਿਸਾਨ ਵੀਰਾਂ ਅਤੇ ਬੀਬੀਆਂ ਲਏ ਬਹੁਤ ਕੀਮਤੀ ਜਾਣਕਾਰੀ ਹੋਵੇਗੀ। ਉਨਾਂ ਨੇ ਅੱਗੇ ਦੱਸਿਆ ਕਿ ਕਿਸਾਨ ਮੇਲੇ ਦੇ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ ਪੰਜਾਬ, ਡਾ. ਸਤਬੀਰ ਸਿੰਘ ਗੋਸਲ ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਡਿਪਟੀ ਕਮਿਸ਼ਨਰ, ਗੁਰਦਾਸਪੁਰ ਅਤੇ ਹਰਦਿਆਲ ਸਿੰਘ ਗਜਨੀਪੁਰ, ਬੋਰਡ ਆਫ ਮੈਨੇਜਮੈਂਟ, ਪੀ.ਏ.ਯੂ. ਵਿਸ਼ੇਸ਼ ਮਹਿਮਾਨ ਹੋਣਗੇ। ਉਨਾਂ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਕੇਂਦਰ, ਗੁਰਦਾਸਪੁਰ ਦੇ ਵਿਹੜੇ ਵਿਚ 18 ਸਤੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੁੰਮ ਹੁੰਮਾਂ ਕੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤਰੀ ਕੇਂਦਰ, ਗੁਰਦਾਸਪੁਰ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।

ਰੋਜ਼ਾਨਾ ਲੋਕ ਬਾਣੀ
www.lokbani

# ਗੁਲਾਬ ਸਿੱਧੂ ਵੱਲੋਂ ਰਾਜ ਵਹੀਕਲ ਸੰਗਰੂਰ ਵਿਖੇ



(ਲਕ ਬਾਣਾ) ਮਹਿਦਰਾ ਰਾਜ ਮਟਰਜ਼ – SUV ਅਤੇ ਕਮਰਸ਼ੀਅਲ ਵਹੀਕਲ ਸ਼ੋਅਰੂਮ,ਸੰਗਰੂਰ ਵਿੱਚ ਸ਼ਾਨਦਾਰ ਪ੍ਰਵੇਸ਼ ਕੀਤਾ, ਜਿਸ ਵਿੱਚ ਬਹੁ-ਉਡੀਕੀ ਮਹਿੰਦਰਾ ਥਾਰ ਰੌਕਸ, ਆਈਕੋਨਿਕ ਥਾਰ ਦੇ 5-ਦਰਵਾਜ਼ੇ ਵਾਲੇ ਸੰਸਕਰਣ ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ। ਸੀਈਓ ਵਿਕਰਮਜੀਤ ਸਿੰਘ ਮੋਹਾਲੀ ਅਤੇ ਪਟਿਆਲਾ, ਮੈਨੇਜਿੰਗ ਡਾਇਰੈਕਟਰ ਸ਼੍ਰੀ ਰਾਜਵਿੰਦਰ ਸਿੰਘ, ਅਤੇ ਜਸਕਰਨ ਸਿੰਘ ਨੇ ਸੰਗਰੂਰ ਸ਼ੋਅਰੂਮ ਸਮਾਗਮ ਦੀ ਮੇਜ਼ਬਾਨੀ ਕੀਤੀ। ਇਸ ਤੋਂ ਇਲਾਵਾ, ਪੰਜਾਬੀ ਕਲਾਕਾਰ ਗੁਲਾਬ ਸਿੱਧੂ ਨੇ ਮਹਿੰਦਰਾ ਥਾਰ ਰੌਕਸ ਲਾਂਚ ਈਵੈਂਟ ਵਿੱਚ ਸ਼ਿਰਕਤ ਕੀਤੀ।

ਮਹਿੰਦਰਾ ਥਾਰ ਰੌਕਸ, ₹12.99 – ₹20.49 ਲੱਖ ਦੇ ਵਿਚਕਾਰ ਦੀ ਕੀਮਤ, 1997 cc ਅਤੇ 2184 cc ਦੇ ਇੰਜਣ ਵਿਕਲਪਾਂ ਦੇ ਨਾਲ, ਪੈਟਰੋਲ ਅਤੇ ਡੀਜ਼ਲ ਦੋਵਾਂ ਰੂਪਾਂ ਵਿੱਚ ਉਪਲਬਧ ਹੈ। ਇਹ ਮੈਨੂਅਲ ਅਤੇ ਆਟੋਮੈਟਿਕ ("3) ਟ੍ਰਾਂਸਮਿਸ਼ਨ ਦੀ ਪੇਸ਼ਕਸ਼ ਕਰਦਾ ਹੈ, ਡਰਾਈਵਿੰਗ ਤਰਜੀਹਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਪੂਰਾ ਕਰਦਾ ਹੈ। ਥਾਰ ਰੌਕਸ 12.4 – 15.2 ⇧✡/⇩ ਦੀ ਮਾਈਲੇਜ ਅਤੇ 5 ਲੋਕਾਂ ਦੇ ਬੈਠਣ ਦੀ ਸਮਰੱਥਾ ਦਾ ਮਾਣ ਰੱਖਦਾ ਹੈ, ਇਸ ਨੂੰ ਸਾਹਸ ਦੇ ਉਤਸ਼ਾਹੀ ਅਤੇ ਪਰਿਵਾਰਾਂ ਦੋਵਾਂ ਲਈ ਇੱਕ ਬਹੁਮੁਖੀ ਵਿਕਲਪ ਬਣਾਉਂਦਾ ਹੈ। 4428 mm L x 1870 mm W x 1923 ✡✡ 8 ਦੇ ਮਾਪ ਅਤੇ 57 ਲੀਟਰ ਦੀ ਬਾਲਣ ਟੈਂਕ ਸਮਰੱਥਾ ਦੇ ਨਾਲ, ਇਹ ਆਰਾਮ ਅਤੇ ਲੰਬੇ ਸਫ਼ਰ ਦੋਵਾਂ ਲਈ ਤਿਆਰ ਕੀਤਾ ਗਿਆ ਹੈ। ਵਾਹਨ ਲਈ ਉਡੀਕ ਸਮਾਂ 4 ਤੋਂ 6 ਹਫ਼ਤਿਆਂ ਦੇ ਵਿਚਕਾਰ ਹੁੰਦਾ ਹੈ, ਜੋ ਇਸਦੀ ਉੱਚ ਮੰਗ ਨੂੰ ਦਰਸਾਉਂਦਾ ਹੈ।

ਗੁਲਾਬ ਸਿੱਧੂ, ਜੋ ਕਿ ਆਟੋਮੋਬਾਈਲ ਦੇ ਸ਼ੌਕੀਨ ਹਨ, ਨੇ ਲਾਂਚ ਬਾਰੇ ਆਪਣੇ ਉਤਸ਼ਾਹ ਨੂੰ ਸਾਂਝਾ ਕਰਦੇ ਹੋਏ ਕਿਹਾ, ਮੇਰੇ ਲਈ, ਇਹ ਸਭ ਕੁਝ ਸਫ਼ਰ ਅਤੇ ਪਹੀਏ ਦੇ ਪਿੱਛੇ ਦੀ ਸ਼ਕਤੀ ਬਾਰੇ ਹੈ। ਮਹਿੰਦਰਾ ਥਾਰ ਰੌਕਸ ਉਹਨਾਂ ਲੋਕਾਂ ਲਈ ਬਣਾਇਆ ਗਿਆ ਹੈ ਜੋ ਸਾਹਸ ਅਤੇ ਆਜ਼ਾਦੀ ਚਾਹੁੰਦੇ ਹਨ। ਇਸਦਾ ਸਖ਼ਤ ਡਿਜ਼ਾਈਨ ਅਤੇ ਉੱਤਮ ਪ੍ਰਦਰਸ਼ਨ ਇਸ ਨੂੰ ਕਿਸੇ ਵੀ ਵਿਅਕਤੀ ਲਈ ਇੱਕ ਆਦਰਸ਼ ਵਾਹਨ ਬਣਾਉਂਦੇ ਹਨ ਜੋ ਵਿਸ਼ਵਾਸ ਅਤੇ ਸ਼ੈਲੀ ਨਾਲ ਦੁਨੀਆ ਦੀ ਪੜਚੋਲ ਕਰਨਾ ਚਾਹੁੰਦੇ ਹਨ।

ਮਹਿੰਦਰਾ ਥਾਰ ਰੌਕਸ ਲਈ ਟੈਸਟ ਡਰਾਈਵ 14 ਸਤੰਬਰ ਨੂੰ ਸ਼ੁਰੂ ਹੋਵੇਗੀ, ਬੁਕਿੰਗ 3 ਅਕਤੂਬਰ ਨੂੰ ਹੋਵੇਗੀ। ਇਹ ਇਵੈਂਟ ਮਹਿੰਦਰਾ ਰਾਜ ਵਹੀਕਲਜ਼ ਦੇ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ ਕਿਉਂਕਿ ਉਹ ਸੰਗਰੂਰ ਅਤੇ ਇਸ ਤੋਂ ਬਾਹਰ ਦੇ ਆਪਣੇ ਗਾਹਕਾਂ ਲਈ ਆਧੁਨਿਕ ਵਾਹਨ ਲੈ ਕੇ ਆਉਂਦੇ ਹਨ।

ਰੋਜ਼ਾਨਾ ਲੋਕ ਬਾਣੀ
www.lokbani

# ਕਪੂਰਥਲਾ ਪੁਲਿਸ ਵੱਲੋਂ ਚੋਰੀ ਦੇ ਸਮਾਨ ਸਮੇਤ 7 ਔਰਤਾਂ ਤੇ 2 ਵਿਅਕਤੀ ਗ੍ਰਿਫਤਾਰ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸ੍ਰੀਮਤੀ ਵਤਸਲਾ ਗੁਪਤਾ ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਦਿਸ਼ਾ ਨਿਰਦੇਸ਼ ਹੇਠ ਮਾੜੇ ਅਨਸਰਾਂ ਦੇ ਖਿਲਾਫ ਵਿੱਢੀ ਮੁਹਿੰਮ ਦੇ ਤਹਿਤ ਜ਼ਿਲ੍ਹਾ ਕਪੂਰਥਲਾ ਦੀ ਸਬ ਡਵੀਜਨ ਫਗਵਾੜਾ ਪੁਲਿਸ ਟੀਮ ਵੱਲੋਂ ਚੋਰੀ ਦੇ ਸਮਾਨ ਸਮੇਤ 09 ਦੋਸ਼ੀਆਨ (07 ਔਰਤਾਂ ਤੇ 02 ਵਿਅਕਤੀਆਂ) ਨੂੰ ਕੀਤਾ ਗ੍ਰਿਫਤਾਰ



ਸ੍ਰੀਮਤੀ ਰੁਪਿੰਦਰ ਕੌਰ ਭੱਟੀ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹਨਾਂ ਦੀ ਸੁਪਰਵੀਜਨ ਹੇਠ ਜਸਪ੍ਰੀਤ ਸਿੰਘ ਉੱਪ ਪੁਲਿਸ ਕਪਤਾਨ ਸਬ ਡਵੀਜਨ ਫਗਵਾੜਾ ਦੀ ਨਿਗਰਾਨੀ ਹੇਠ ਇੰਸਪੈਕਟਰ ਜਤਿੰਦਰ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਫਗਵਾੜਾ ਦੀ ਪੁਲਿਸ ਟੀਮ ਜੋ ਮਿਤੀ 16.09.24 ਨੂੰ ਪੇਪਰ ਚੌਂਕ ਮੋਜੂਦ ਤਾਂ ਪੁਲਿਸ ਟੀਮ ਨੂੰ ਸੂਚਨਾ ਮਿਲੀ ਕਿ ਸ਼ਿੰਦੋ ਪਤਨੀ ਕਿੰਦਰ, ਮੀਨਾ ਪਤਨੀ ਕੁੱਕੂ, ਮੀਤਾ ਪਤਨੀ ਰਾਜੀਵ, ਮੀਨਾ ਪਤਨੀ ਕੁੱਕੂ ਸੀਤਾ ਪਤਨੀ ਨੇਪਾਲ, ਮੁਸਲੀ ਪਤਨੀ ਸਲੀਮ, ਸ਼ਾਲਨੀ ਪਤਨੀ ਗਾਂਧੀ, ਰਾਧਾ ਪਤਨੀ ਵਿਕਾਸ ਵਾਸੀਆਂਨ ਵਾਸੀ ਪਹਿਚਾਣ ਨਗਰ ਥਾਣਾ ਸਤਨਾਮਪੁਰਾ ਫਗਵਾੜਾ, ਸੁਰਿੰਦਰ ਯਾਦਵ ਪੁੱਤਰ ਸੁਧੀਰ ਯਾਦਵ ਵਾਸੀ ਅਰਬਨ ਅਸਟੇਟ ਸੀ.ਆਰ.ਪੀ ਕਲੋਨੀ, ਜਸਵਿੰਦਰ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਸ਼ੰਕਰ ਥਾਣਾ ਡੇਹਲ ਲੁਧਿਆਣਾ ਜੋ ਚੋਰੀ ਕਰਨ ਦੇ ਆਦੀ ਹਨ ਤੇ ਅੱਜ ਵੀ ਚੋਰੀ ਦਾ ਸਮਾਨ ਲੈ ਕੇ ਸ਼ਹਿਰ ਫਗਵਾੜਾ ਵੱਲ ਨੂੰ ਆ ਰਹੇ ਹਨ।ਜਿਸ ਤੇ ਮੁਕੱਦਮਾ ਨੰਬਰ 207 ਮਿਤੀ 16.09.2024 ਅ/ਧ 303(2), 317(2)BNS (379,411 ਭ: ਦ) ਥਾਣਾ ਫਗਵਾੜਾ ਜ਼ਿਲ੍ਹਾ ਕਪੂਰਥਲਾ ਦਰਜ ਰਜਿਸਟਰ ਕਰਕੇ ਪੁਲਿਸ ਪਾਰਟੀ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਸ਼ਿੰਦੋ, ਮੀਨਾ, ਮੀਤਾ, ਸੀਤਾ, ਮੁਸਲੀ, ਸ਼ਾਲਨੀ, ਰਾਧਾ, ਸੁਰਿੰਦਰ ਯਾਦਵ ਅਤੇ ਜਸਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜਾ ਵਿੱਚ 01 ਮੋਟਰ,01 ਏ.ਸੀ ਅਤੇ ਸਕਰੈਪ ਜੋ ਕਿ ਇੱਕ ਗੱਡੀ ਛੋਟਾ ਹਾਥੀ ਅਤੇ ਇੱਕ ਆਟੋ ਰਿਕਸ਼ਾ ਵਿੱਚ ਸੀ, ਬ੍ਰਾਮਦ ਕੀਤਾ ਗਿਆ। ਜਿਹਨਾਂ ਨੂੰ ਪੇਸ਼ ਅਦਾਲਤ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਜਿਹਨਾਂ ਪਾਸੋਂ ਹੋਰ ਵੀ ਚੋਰੀ ਦੀਆਂ ਅਣਸੁਲਝੀਆਂ ਵਾਰਦਾਤਾਂ ਸਬੰਧੀ ਸਨਸਨੀਖੇਜ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਰੋਜ਼ਾਨਾ ਲੋਕ ਬਾਣੀ
www.lokbani

# ਪੀਐਮ ਨਰਿੰਦਰ ਮੋਦੀ ਦਾ ਵਰਕਰਾਂ ਨੇ ਪਿੰਡ ਰਾਮਨਗਰ ਛੰਨਾਂ ਵਿਖੇ ਜਨਮ ਦਿਨ ਮਨਾਇਆ

## ਪਿੰਡ ਪਿੰਡ ਜਾ ਕੇ ਪਾਰਟੀ ਦੀਆਂ ਨੀਤੀਆਂ ਬਾਰੇ ਲੋਕਾਂ ਨੂੰ ਕਰਾਂਗੇ ਜਾਗਰੂਕ: ਨੈਣੇਵਾਲ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਭਾਤੀਯ ਜਨਤਾ ਪਾਰਟੀ ਕਿਸਾਨ ਮੋਰਚਾ ਵੱਲੋ ਅੱਜ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਜਨਮ ਦਿਨ ਤੇ ਸੇਵਾ ਪੰਦਰਵਾੜਾ ਅਤੇ ਮੈਬਰਸਿਪ ਅਭਿਆਨ ਦੀ ਸ਼ੁਰੂਆਤ ਪਿੰਡ ਰਾਮਨਗਰ ਛੰਨਾ ਤੋ ਪੰਜਾਬ ਕਿਸਾਨ ਮੋਰਚਾ ਪੰਜਾਬ ਦੇ ਸਪੋਕਸਪਰਸਨ ਨਰਿੰਦਰਪਾਲ ਸਿੰਘ ਦੀ ਅਗਵਾਈ ਹੇਠ ਸੂਰੂ ਹੋਈ।

ਇਸ ਮੌਕੇ ਵਿਸ਼ੇਸ਼ ਤੌਰ ਤੇ ਕਿਸਾਨ ਮੋਰਚਾ ਪੰਜਾਬ ਪ੍ਰਧਾਨ ਦਰਸ਼ਨ ਸਿੰਘ ਨੈਣੇਵਾਲ ਪਹੁੰਚੇ। ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ 74 ਵਾਂ ਜਨਮ ਦਿਨ ਮਨਾਇਆ ਗਿਆ। ਇਸ ਖੁਸ਼ੀ ਵਿੱਚ ਦਰਸ਼ਨ ਸਿੰਘ ਨੈਣੇਵਾਲ ਅਤੇ ਨਰਿੰਦਰਪਾਲ ਸਿੰਘ ਛੰਨਾ ਨੇ ਕੇਕ ਕੱਟਿਆ ਅਤੇ ਪਾਰਟੀ ਵਰਕਰਾ ਦਾ ਲੱਡੂਆ ਨਾਲ ਮੂੰਹ ਮਿੱਠਾ ਕਰਵਾਇਆ। ਇਸ ਸਮੇਂ ਦਰਸ਼ਨ ਸਿੰਘ ਨੈਣੇਵਾਲ ਨੇ ਕਿਹਾ ਕਿ ਕਿਸਾਨ ਮੋਰਚਾ ਹਰ ਪਿੰਡ ਵਿੱਚ ਜਾ ਕੇ ਲੋਕਾ ਨੂੰ ਭਾਜਪਾ ਦੀਆ ਨੀਤੀਆ ਬਾਰੇ ਜਾਣੂ ਕਰਵਾ ਕੇ ਲੋਕਾ ਨੂੰ ਭਾਜਪਾ ਨਾਲ ਜੋੜਨ ਦਾ ਕੰਮ ਕਿਸਾਨ ਮੋਰਚਾ ਕਰੇਗਾ। ਕਿਉਂਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇਸ਼ ਨੂੰ ਪਹਿਲਾਂ ਹੀ ਬੁਲੰਦੀਆਂ ਤੇ ਪਹੁੰਚਾ ਰਹੇ ਹਨ। ਆਉਣ ਵਾਲੇ ਸਮੇਂ ਅੰਦਰ ਦੇਸ਼ ਹੋਰ ਵੀ ਮਜਬੂਤ ਬਣ ਕੇ ਉਭਰੇਗਾ। ਇਸ ਮੌਕੇ ਨਰਿੰਦਰਪਾਲ ਛੰਨਾ ਨੇ ਕਿਹਾ ਕਿ ਭਾਜਪਾ ਅਤੇ ਪ੍ਰਧਾਨ ਮੰਤਰੀ ਮੋਦੀ ਦੀਆ ਨੀਤੀਆ ਲੋਕ ਪੱਖੀ ਅਤੇ ਲੋਕ ਭਲਾਈ ਵਾਲੀਆ ਹਨ। ਕਿਉਂਕਿ ਭਾਜਪਾ ਦੀ ਸਰਕਾਰ ਆਉਣ ਤੇ ਕਿਸਾਨ ਮਜ਼ਦੂਰ ਛੋਟਾ ਵਪਾਰੀ ਆਪਣੇ ਕਾਰੋਬਾਰਾਂ ਨੂੰ ਪ੍ਰਫੁੱਲਤ ਕਰ ਸਕਿਆ ਹੈ। ਸਰਕਾਰ ਦੇਸ਼ ਅੰਦਰੋਂ ਗਰੀਬੀ ਨੂੰ ਖਤਮ ਕਰਨ ਲਈ ਹੋਰ ਵੀ ਵੱਡੇ ਉਪਰਾਲੇ ਕਰਨ ਜਾ ਰਹੀ। ਉਹਨਾਂ ਇਹ ਵੀ ਦਾਅਵਾ ਕੀਤਾ ਹੈ ਕਿ ਆਉਣ ਵਾਲੇ ਸਮੇਂ ਅੰਦਰ ਪੰਜਾਬ ਵਿੱਚੋਂ ਕਾਂਗਰਸ ਨੂੰ ਸਦਾ ਲਈ ਮੁਕਤ ਕੀਤਾ ਜਾਵੇਗਾ।ਇਸ ਮੌਕੇ ਮੀਤ ਪ੍ਰਧਾਨ ਜਗਿੰਦਰ ਸਿੰਘ ਖਾਲਸਾ,ਸੋਸਲ ਮੀਡੀਆ ਇੰਚਾਰਜ ਜਸਨਪ੍ਰੀਤ ਸਿੰਘ ਗੋਸਲ ,ਜਿਲਾ ਪ੍ਰਧਾਨ ਪਰਮਿੰਦਰ ਸਿੰਘ ਭੱਠਲ, ਜਸਵੀਰ ਸਿੰਘ, ਦੀਪਕ ਕੁਮਾਰ ਧਾਵਾ,ਵਰੁਨ ਸਿੰਗਲਾ ,ਸਤਪਾਲ ਸਰਮਾ, ਲਖਵੀਰ ਸਿੰਘ ਲੱਖੀ, ਜਰਨੈਲ ਸਿੰਘ, ਮੇਜਰ ਸਿੰਘ ਨਿਰਭੈ ਸਿੰਘ ਈਨਾ ਬਾਜਵਾ ਬਲਾਕ ਪ੍ਰਧਾਨ ਕਿਸਾਨ ਮੋਰਚਾ ਸੇਵਕ ਸਿੰਘ ਭਗਵਾਨਪੁਰਾ ਸਾਬਕਾ ਫੌਜੀ ਨੱਵਲ ਸਿੰਘ ਬੜੀ ਬਲਦੇਵ ਸਿੰਘ ਖੇੜੀ ਆਦਿ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਬੁਧਵਾ ਮੰਗਲ ਤੇ ਕਾਨਪੁਰ ਦੇ ਹਨੂੰਮਾਨ ਮੰਦਰਾਂ ਚ ਸ਼ਰਧਾਲੂ ਇਕੱਠੇ ਹੋਏ।



ਕਾਨਪੁਰ (ਸੁਨੀਲ ਬਾਜਪਾਈ) ਅੱਜ ਇੱਥੇ ਮਹਾਵੀਰ ਬਜਰੰਗਬਲੀ ਦੀ ਮਹਿਮਾ ਨੂੰ ਦਰਸਾਉਂਦਾ ਬੁਧਵਾ ਮੰਗਲ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਦੌਰਾਨ ਦੇਸ਼ ਦੇ ਵੱਕਾਰੀ ਹਨੂੰਮਾਨ ਮੰਦਰਾਂ ਵਿੱਚੋਂ ਇੱਕ ਪੰਚਮੁਖੀ ਪੰਕੀ ਹਨੂੰਮਾਨ ਮੰਦਿਰ ਵਿੱਚ ਸ਼ਰਧਾਲੂਆਂ ਦੀ ਭਾਰੀ ਭੀੜ ਰਹੀ। ਸੁਰੱਖਿਆ ਦੇ ਵੀ ਸਖ਼ਤ ਪ੍ਰਬੰਧ ਕੀਤੇ ਗਏ ਸਨ।

ਅੱਜ ਇਸ ਬੁਧਵਾ ਮੰਗਲ ਅਤੇ ਭਗਵਾਨ ਵਿਸ਼ਵਕਰਮਾ ਜਯੰਤੀ ਮੌਕੇ ਮਾਂ ਦੁਰਗਾ ਸਰਵਿਸ ਸਟੇਸ਼ਨ ਰਤਨ ਲਾਲ ਨਗਰ ਵਿਖੇ ਸਮੂਹ ਸਟਾਫ਼ ਸਮੇਤ ਡਾਇਰੈਕਟਰ ਜੋੜੇ ਸਮਾਜ ਸੇਵੀ ਰਾਜੀਵ ਸ਼ਰਮਾ ਅਤੇ ਪ੍ਰੀਤੀ ਸ਼ਰਮਾ ਵੱਲੋਂ ਕਰਵਾਏ ਵਿਸ਼ਾਲ ਭੰਡਾਰੇ ਵਿੱਚ ਵੱਖ-ਵੱਖ ਥਾਵਾਂ ਤੇ ਭੰਡਾਰੇ ਵੀ ਲਗਾਏ ਗਏ ਲੋਕਾਂ ਨੇ ਪ੍ਰਸ਼ਾਦ ਲਿਆ।

ਇਸ ਦੇ ਨਾਲ ਹੀ ਪ੍ਰਸਿੱਧ ਮੰਦਰ ਚ ਪੰਚਮੁਖੀ ਹਨੂੰਮਾਨ ਜੀ ਦੇ ਦਰਸ਼ਨਾਂ ਲਈ ਅੱਧੀ ਰਾਤ ਤੋਂ ਹੀ ਸ਼ਰਧਾਲੂਆਂ ਦੀ ਲੰਬੀ ਲਾਈਨ ਲੱਗ ਗਈ। ਰਾਤ ਕਰੀਬ 12 ਵਜੇ ਮੰਦਰ ਦੇ ਦਰਵਾਜ਼ੇ ਖੁੱਲ੍ਹਣ ਤੋਂ ਬਾਅਦ ਮਹੰਤ ਕ੍ਰਿਸ਼ਨ ਦਾਸ ਅਤੇ ਜਤਿੰਦਰ ਦਾਸ ਆਦਿ ਵੱਲੋਂ ਮੰਗਲਾ ਆਰਤੀ ਕੀਤੀ ਗਈ, ਉਪਰੰਤ ਸ਼ਰਧਾਲੂਆਂ ਨੇ ਮਹਾਦੇਵ ਹਨੂੰਮਾਨ ਜੀ ਨੂੰ ਭੋਜਨ ਛਕਾਇਆ। ਅੱਜ ਇੱਥੇ ਬੁਧਵਾ ਮੰਗਲ ਤੇ ਪੰਕੀ ਸਥਿਤ ਵੱਕਾਰੀ ਮੰਦਰ ਚ ਹਨੂੰਮਾਨ ਜੀ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਚ ਆਸ-ਪਾਸ ਦੇ ਜ਼ਿਲਿਆਂ ਦੇ ਨਾਲ-ਨਾਲ ਵੱਖ-ਵੱਖ ਸੂਬਿਆਂ ਤੋਂ ਵੱਡੀ ਗਿਣਤੀ ਚ ਲੋਕ ਸ਼ਾਮਲ ਹੋਏ। ਇਸ ਦੌਰਾਨ ਸ਼ਰਧਾਲੂਆਂ ਦੀ ਸੁਰੱਖਿਆ ਲਈ 500 ਦੇ ਕਰੀਬ ਪੁਲੀਸ ਮੁਲਾਜ਼ਮ ਵੀ ਤਾਇਨਾਤ ਕੀਤੇ ਗਏ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਸੀ ਐਚ ਸੀ ਸਿੰਘੋਵਾਲ ਵਿਖੇ ਵਿਸਵ ਮਰੀਜ਼ ਸੁਰੱਖਿਆ ਦਿਵਸ ਮਨਾਇਆ ਗਿਆ



ਦਾਨਾਨਗਰ (ਡਾ.ਰਮਸ਼ ਸਰੰਗਲ ) ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਸੀਐਚਸੀ ਸਿੰਘੋਵਾਲ ਵਿਖੇ ਐਸਐਮਓ ਡਾਕਟਰ ਵਰਿੰਦਰ ਮੋਹਨ, ਜੀ ਦੀ ਅਗਵਾਈ ਵਿੱਚ ਵਿਸ਼ਵ ਮਰੀਜ਼ ਸੁਰੱਖਿਆ ਦਿਵਸ ਮਨਾਇਆ ਗਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਡਾਕਟਰ ਵਰਿੰਦਰ ਮੋਹਨ ਨੇ ਮਰੀਜ਼ ਦੀ ਸੁਰੱਖਿਆ ਲਈ ਨਿਦਾਨ ਵਿੱਚ ਸੁਧਾਰ ਕਰਨ ਲਈ ਜੋਰ ਦਿੱਤਾ। ਉਹਨਾਂ ਨੇ ਕਿਹਾ ਕਿ ਨਿਦਾਨ ਨੂੰ ਸਹੀ ਕਰਨ ਅਤੇ ਮਰੀਜ਼ ਲਈ ਇਸ ਨੂੰ ਸੁਰੱਖਿਤ ਬਣਾਉਣ ਲਈ ਬਹੁਤ ਸਾਰੀਆਂ ਕੋਸ਼ਿਸ਼ਾਂ ਦੀ ਲੋੜ ਹੈ ਅਤੇ ਸਾਡੇ ਸਾਰਿਆਂ ਦੀਆਂ ਸਮੂਹਿਕ ਕੋਸ਼ਿਸ਼ਾਂ ਨਾਲ ਹੀ ਇਹ ਸੰਭਵ ਹੋ ਸਕਦਾ ਹੈ। ਅੱਜ ਦੇ ਦਿਨ ਤੇ ਹੋਰ ਚਾਨਣਾ ਪਾਉਂਦੇ ਹੋਏ ਮੈਡੀਕਲ ਅਫਸਰ ਡਾਕਟਰ ਇੰਦਰਜੀਤ ਸਿੰਘ ਰਾਣਾ ਨੇ ਕਿਹਾ ਕਿ ਅੱਜ ਦਾ ਦਿਨ ਜਾਗਰੂਕਤਾ ਪੈਦਾ ਕਰਨ ਅਤੇ ਮਰੀਜ਼ਾਂ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਵਚਨਬੱਧਤਾ ਦਰਸਾਉਣ ਦਾ ਦਿਨ ਹੈ। ਮਰੀਜ਼ਾਂ ਦੀ ਸੁਰੱਖਿਆ ਲਈ ਸਿਹਤ ਕਰਮੀਆਂ ਤੋਂ ਇਲਾਵਾ ਮਰੀਜ਼ਾਂ ਦੇ ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ, ਭਾਈਚਾਰਿਆਂ ਅਤੇ ਨੀਤੀ ਨਿਰਮਾਤਾਵਾਂ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਡਾਕਟਰ ਰਾਣਾ ਨੇ ਹਾਜ਼ਰ ਸਟਾਫ ਨੂੰ ਮਰੀਜ਼ਾਂ ਦੀ ਸੁਰੱਖਿਆ ਲਈ ਇੱਕਜੁੱਟ ਹੋ ਕੇ ਪ੍ਰਿਆਸ ਕਰਨ ਦੀ ਸੌਂ ਚੁਕਾਈ। ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਮੋਹਿਤ ਕਾਟਲ ਨੇ ਕਿਹਾ ਸਹੀ ਇਲਾਜ ਨਿਰਧਾਰਤ ਕਰਨ ਲਈ ਸਹੀ ਨਿਦਾਨ ਬਹੁਤ ਜਰੂਰੀ ਹੈ ਕਿਉਂਕਿ ਇੱਕ ਗਲਤ ਜਾਂ ਦੇਰੀ ਨਾਲ ਨਿਦਾਨ ਦੇ ਨਤੀਜੇ ਵਜੋਂ ਮਰੀਜ਼ ਨੂੰ ਲੋੜੀਂਦੀ ਡਾਕਟਰੀ ਦੇਖਭਾਲ ਨਹੀਂ ਮਿਲਦੀ। ਕਈ ਵਾਰ ਬੇਲੋੜਾ ਇਲਾਜ ਜਾਂ ਦਵਾਈ ਸਿਹਤ ਲਈ ਮਹੱਤਵਪੂਰਨ ਜੋਖਮ ਪੈਦਾ ਕਰ ਸਕਦਾ ਹੈ। ਦੰਦਾਂ ਦੇ ਮਾਹਿਰ ਡਾਕਟਰ ਸੁਖਵਿੰਦਰ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇੱਕ ਭਰੋਸੇਮੰਦ ਨਿਦਾਨ ਸਿਹਤ ਸੰਭਾਲ ਪ੍ਰਣਾਲੀ ਅਤੇ ਸਿਹਤ ਸੰਭਾਲ ਕਰਮੀਆ ਵਿੱਚ ਮਰੀਜ਼ਾਂ ਦੇ ਵਿਸ਼ਵਾਸ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ। ਅੱਜ ਤੇ ਇਸ ਮਹੱਤਵਪੂਰਨ ਆਯੋਜਨ ਵਿੱਚ ਮੈਡੀਕਲ ਅਫਸਰ ਡਾਕਟਰ ਸੁਸ਼ੀਲ ਕੁਮਾਰ, ਡਾਕਟਰ ਗੁਰਪ੍ਰੀਤ ਕੌਰ, ਫਾਰਮਾਸਿਸਟ ਨੀਲਮ ਸਤਵੰਤੀ, ਰੇਡੀਓਗ੍ਰਾਫਰ ਸਾਹਿਬ ਸਿੰਘ, ਭੁਪੇਸ਼ ਕੁਮਾਰ, ਸੁਖਵਿੰਦਰ ਕੌਰ, ਸਟਾਫ ਏਕਤਾ, ਲਖਵਿੰਦਰ ਕੌਰ ਤੋ ਇਲਾਵਾ ਸੀਐਚਸੀ ਸਿੰਘੋਵਾਲ ਦਾ ਸਮੂਹ ਸਟਾਫ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਦੀਆਂ ਵੋਟਾਂ ਬਣਾਉਣ ਦੀ ਆਖੀਰਲੀ ਮਿਤੀ ਵਿੱਚ ਵਾਧਾ -ਡਾ ਪੱਲਵੀ




ਮਾਲੇਰਕੋਟਲਾ :(ਕਿਮੀ ਅਰੋੜਾ,ਅਸਲਮ ਨਾਜ਼)

ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਪੰਜਾਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਰ ਸੂਚੀ ਦੀ ਤਿਆਰੀ ਦਾ ਸੋਧਿਆ ਸ਼ਡਿਊਲ ਜਾਰੀ ਕੀਤਾ ਗਿਆ ਹੈ। ਹੁਣ ਸੋਧੇ ਰਿਵਾਈਜਡ ਸ਼ਡਿਊਲ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੋਰਡ ਦੀਆਂ ਚੋਣਾਂ ਲਈ ਵੋਟਾਂ ਬਣਵਾਉਣ ਲਈ ਫਾਰਮ ਪ੍ਰਾਪਤ ਕਰਨ ਦੀ ਆਖਿਰੀ ਮਿਤੀ ਵਿੱਚ ਵਾਧਾ ਕਰਕੇ 31 ਅਕਤੂਬਰ 2024 ਤੱਕ ਕਰ ਦਿੱਤੀ ਗਈ ਹੈ।ਇਸ ਗੱਲ ਦੀ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ ਪੱਲਵੀ ਨੇ ਦਿੰਦਿਆਂ ਦੱਸਿਆ ਕਿ ਸੋਧੇ ਸ਼ਡਿਊਲ ਅਨੁਸਾਰ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 4 ਨਵੰਬਰ 2024 ਨੂੰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਜਿਹੜੇ ਬਿਨੈਕਾਰ ਸਿੱਖ ਗੁਰਦੁਆਰਾ ਬੋਰਡ ਰੂਲਜ਼ 1959 ਦੇ ਰੂਲ ਨੰਬਰ 3 ਅਧੀਨ ਸਾਰੀ ਸ਼ਰਤਾਂ ਪੂਰੀਆਂ ਕਰਦੇ ਹੋਣ ਉਹ ਫਾਰਮ ਨੰਬਰ 1 ਭਰਕੇ 31 ਅਕਤੂਬਰ 2024 ਤੱਕ ਦੇ ਸਕਦੇ ਹਨ । ਉਨ੍ਹਾਂ ਦੱਸਿਆ ਕਿ ਮੁੱਢਲੀ ਪ੍ਰਕਾਸ਼ਿਤ ਵੋਟਰ ਸੂਚੀ ਤੇ ਦਾਅਵੇ ਅਤੇ ਇਤਰਾਜ਼ ਉਪਰੰਤ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 3 ਜਨਵਰੀ 2025 ਨੂੰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹਰੇਕ 21 ਸਾਲ ਤੋਂ ਵੱਧ ਉਮਰ ਦਾ ਕੇਸਾਧਾਰੀ ਸਿੱਖ ਜੋ ਆਪਣੇ ਦਾੜ੍ਹੀ ਜਾਂ ਕੇਸਾਂ ਨੂੰ ਨਾ ਕੱਟਦਾ ਹੋਵੇ ਜਾਂ ਸ਼ੇਵ ਨਾ ਕਰਦਾ ਹੋਵੇ ਅਤੇ ਸਿਗਰਟ, ਸ਼ਰਾਬ ਨਾ ਪੀਂਦਾ ਹੋਵੇ ਅਤੇ ਮਾਸ ਦਾ ਸੇਵਨ ਨਾ ਕਰਦਾ ਹੋਵੇ, ਜਿੱਥੇ ਉਹ ਰਹਿੰਦਾ ਹੈ, ਸਿੱਖ ਸਬੰਧਤ ਗੁਰਦੁਆਰਾ ਚੋਣ ਹਲਕੇ ਦੀ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣ ਲਈ ਫਾਰਮ ਨੰ.1 (ਕੇਸਾਧਾਰੀ ਸਿੱਖ ਲਈ) ਭਰ ਕੇ ਪਿੰਡਾਂ/ਸ਼ਹਿਰਾਂ ਵਿੱਚ ਪਟਵਾਰੀਆਂ, ਬੀ.ਐਲ.ਓ, ਡੈਜ਼ੀਗਨੇਟਿਡ ਕਰਮਚਾਰੀਆਂ ਨੂੰ ਦੇ ਸਕਦਾ ਹੈ। ਵੋਟ ਬਣਾਉਣ ਵਾਲੇ ਵਿਅਕਤੀ ਦੀ ਆਸਥਾ ਸਿੱਖ ਧਰਮ ਵਿੱਚ ਹੋਣੀ ਚਾਹੀਦੀ ਹੈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲਾ ਹੀ ਵੋਟ ਬਣਾ ਸਕਦਾ ਹੈ। ਉਨ੍ਹਾਂ ਕੇਸਾਧਾਰੀ ਸਿੱਖਾਂ ਨੂੰ ਅਪੀਲ ਕਰਦਿਆ ਕਿਹਾ ਕਿ ਉਹ ਫਾਰਮ ਭਰਮ ਸਮੇਂ ਕੁਝ ਜਰੂਰੀ ਹਦਾਇਤਾਂ ਦਾ ਖਾਸ ਧਿਆਨ ਰੱਖਣ ਨੂੰ ਯਕੀਨੀ ਬਣਾਉਣ।

ਉਨ੍ਹਾਂ ਦੱਸਿਆ ਕਿ ਫਾਰਮਾਂ ਦੇ ਨਾਲ ਇੱਕ ਪਾਸਪੋਰਟ ਸਾਈਜ ਫੋਟੋ ਦੇ ਨਾਲ ਰਿਹਾਇਸ਼ ਦੇ ਸਬੂਤ ਵਜੋਂ ਆਧਾਰ ਕਾਰਡ, ਈ.ਸੀ.ਆਈ. ਵੱਲੋਂ ਜਾਰੀ ਵੋਟਰ ਆਈ.ਡੀ. ਕਾਰਡ (ਫੋਟੋ ਵਾਲਾ), ਭਾਰਤੀ ਪਾਸਪੋਰਟ, ਡਰਾਈਵਿੰਗ ਲਾਇਸੰਸ, ਕਰਮਚਾਰੀਆਂ ਨੂੰ ਜਾਰੀ ਸਰਵਿਸ ਆਈ.ਡੀ. ਕਾਰਡ ਫੋਟੋ ਸਮੇਤ ਜਿਸਨੂੰ ਕੇਂਦਰ/ਰਾਜ ਸਰਕਾਰ/ਪੀ.ਐਸ.ਯੂ/ਪਬਲਿਕ ਲਿਮਟਿਡ ਕੰਪਨੀ ਵੱਲੋਂ ਜਾਰੀ ਕੀਤਾ ਹੋਵੇ, ਬੈਂਕ/ਡਾਕਖਾਨੇ ਵੱਲੋਂ ਜਾਰੀ ਪਾਸਬੁੱਕ ਫੋਟੋ ਸਮੇਤ, ਪੈਨ ਕਾਰਡ, ਐਨ.ਪੀ.ਆਰ. ਅਧੀਨ ਆਰ.ਜੀ.ਆਈ. ਵੱਲੋਂ ਜਾਰੀ ਸਮਾਰਟ ਕਾਰਡ, ਮਨਰੇਗਾ ਜਾਬ ਕਾਰਡ, ਮਿਨੀਸਟਰੀ ਆਫ਼ ਲੇਬਰ ਵੱਲੋਂ ਜਾਰੀ ਸਿਹਤ ਬੀਮਾ ਸਮਾਰਟ ਕਾਰਡ, ਸਰਕਾਰੀ ਪੈਨਸ਼ਨ ਦਸਤਾਵੇਜ਼ ਸਮੇਤ ਫੋਟੋ, ਐਮ.ਪੀਜ਼, ਐਮ.ਐਲ.ਏਜ਼ ਅਤੇ ਐਮ.ਐਲ.ਸੀਜ਼ ਨੂੰ ਜਾਰੀ ਦਫ਼ਤਰੀ ਸ਼ਨਾਖ਼ਤੀ ਕਾਰਡ ਵਿੱਚੋਂ ਕੋਈ ਵੀ ਇੱਕ ਦਸਤਾਵੇਜ਼ ਨਾਲ ਨੱਥੀ ਕਰਨਾ ਲਾਜਮੀ ਹੈ।

# ਨੋਟੀਫਿਕੇਸ਼ਨ ਕਰਕੇ ਪੁਰਾਣੀ ਪੈਂਨਸ਼ਨ ਬਹਾਲ ਨਾ ਕਰਨ ਰੋਸ ਵਜੋਂ 29 ਸਤੰਬਰ ਨੂੰ ਜਿਲ੍ਹਾ ਪੱਧਰੀ ਅਤੇ 6 ਅਕਤੂਬਰ ਨੂੰ ਹੋਣਗੀਆਂ ਸੂਬਾ ਪੱਧਰੀ ਰੈਲੀਆਂ



ਸ੍ਰੀ ਅਨੰਦਪੁਰ ਸਾਹਿਬ(ਦਵਿੰਦਰਪਾਲ ਸਿੰਘ): ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਜਸਵੀਰ ਸਿੰਘ ਤਲਵਾੜਾ ਦੀ ਪ੍ਰਧਾਨਗੀ ਹੇਠ ਹੋਈ । ਕਮੇਟੀ ਨੇ ਪੰਜਾਬ ਸਰਕਾਰ ਦੇ ਲਾਰਾ ਲਾਊ ਰੱਵਈਆ ਦਾ ਸਖਤ ਨੋਟਿਸ ਲੈਂਦਿਆਂ ਜਿਲ੍ਹਾ ਪੱਧਰੀ ਅਤੇ ਸੂਬਾ ਪੱਧਰੀ ਐਕਸ਼ਨਾਂ ਦਾ ਐਲਾਨ ਕਰਦਿਆਂ , ਸਰਕਾਰ ਖ਼ਿਲਾਫ਼ ਮੋਰਚਾ ਖੋਲ ਦਿੱਤਾ ਹੈ। ਪ੍ਰੈਸ ਨੋਟ ਜ਼ਾਰੀ ਕਰਦਿਆਂ ਸੂਬਾਈ ਆਗੂਆਂ ਨੇ ਦੱਸਿਆ ਕਿ 29 ਸਤੰਬਰ ਨੂੰ ਐਮ ਐਲ ਏ ਅਤੇ ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਅਤੇ 6 ਅਕਤੂਬਰ ਨੂੰ ਚਾਰੇ ਜਿਮਨੀ ਚੋਣ ਹਲਕਿਆਂ ਚੱਬੇਵਾਲ,ਡੇਰਾ ਬਾਬਾ ਨਾਨਕ,ਬਰਨਾਲਾ ਅਤੇ ਗਿੱਦੜਬਾਹਾ ਵਿੱਚ ਰੈਲੀਆਂ ।ਪੰਜਾਬ ਸਰਕਾਰ ਵੱਲੋਂ ਪਿੱਛਲੇ ਸਾਲ 18 ਨਵੰਬਰ 2022 ਨੂੰ ਪੁਰਾਣੀ ਪੈਂਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜ਼ਾਰੀ ਹੋਇਆ ਸੀ ਇਸ ਨੋਟੀਫਿਕੇਸ਼ਨ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਲਾਗੂ ਨਹੀਂ ਕੀਤਾ ਗਿਆ। ਮੌਜੂਦਾ ਪੰਜਾਬ ਸਰਕਾਰ ਵੱਡੇ ਵੱਡੇ ਕੰਮਾਂ ਨੂੰ ਥੋੜੇ ਸਮੇਂ ਵਿੱਚ ਕਰਕੇ ਦਿਖਾਉਣ ਦਾ ਦਾਅਵਾ ਕਰਦੀ ਹੈ ਪਰ ਖੁਦ ਦੇ ਪੁਰਾਣੀ ਪੈਂਨਸ਼ਨ ਬਹਾਲੀ ਸਬੰਧੀ ਲਿਖਤੀ ਕੀਤੇ ਵਾਅਦੇ ਨੂੰ ਇੱਕ ਸਾਲ ਹੋ ਚੱਲਿਆ ਤੇ ਮੁੱਖਮੰਤਰੀ ਦੇ ਐਲਾਨ ਨੂੰ ਵੀ ਇੱਕ ਸਾਲ ਹੋ ਗਿਆ ਹੈ ਪਰ ਸਰਕਾਰ ਅਮਲੀ ਜਾਮਾ ਪਾਉਣ ਲਈ ਨਾਕਾਮ ਰਹੀ ਹੈ। ਜਦੋਂ ਕਿ ਗਵਾਂਢੀ ਸੂਬੇ ਦੀ ਸਰਕਾਰ ਨੇ ਬਾਅਦ ਵਿੱਚ ਸਰਕਾਰ ਬਣਾ ਕੇ ਵਾਅਦਾ ਪੂਰਾ ਕਰ ਵਿਖਾਇਆ ਹੈ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਜਿੱਥੇ ਵੀ ਮੁੱਖ ਮੰਤਰੀ ਪੰਜਾਬ ਜਾਣਗੇ ਉਹਨਾਂ ਦਾ ਕਾਲੀਆਂ ਝੰਡੀਆਂ ਨਾਲ ਜਿਲਾ ਪੱਧਰ ਤੇ ਸਵਾਗਤ ਕੀਤਾ ਜਾਵੇਗਾ। ਇਸ ਸਮੇਂ ਜਰਨੈਲ ਸਿੰਘ ਪੱਟੀ ਜਨਰਲ ਸਕੱਤਰ,ਕੋ-ਕਨਵੀਨਰ ਅਜੀਤਪਾਲ ਸਿੰਘ ਜੱਸੋਵਾਲ , ਜਸਵਿੰਦਰ ਸਿੰਘ ਜੱਸਾ , ਕਰਮਜੀਤ ਤਾਮਕੋਟ,ਜਗਸੀਰ ਸਹੋਤਾ, ਲਖਵਿੰਦਰ ਸਿੰਘ ਭੌਰ,ਬਿਕਰਮਜੀਤ ਸਿੰਘ ਕੱਦੋਂ, ਵਰਿੰਦਰ ਵਿੱਕੀ, ਸੱਤ ਪ੍ਰਕਾਸ਼, ਗੁਰਦੀਪ ਸਿੰਘ ਚੀਮਾ, ਸੰਜੀਵ ਧੂਤ, ਕਰਮਜੀਤ ਜਲਾਲ, ਜੁਝਾਰ ਸਹੂੰਗੜਾ, ਗੁਰਦਿਆਲ ਮਾਨ, ਕੇਵਲ ਸਿੰਘ, ਹਿੰਮਤ ਸਿੰਘ ਪਟਿਆਲਾ, ਦਰਸ਼ਨ ਅਲੀਸ਼ੇਰ,ਲਵਪ੍ਰੀਤ ਰੋੜਾਂਵਾਲੀ,ਪਰਮਿੰਦਰਪਾਲ ਸਿੰਘ ਕਪੂਰਥਲਾ, ਕੁਲਦੀਪ ਵਾਲੀਆ,ਕੁਲਵਿੰਦਰ ਤਰਨਤਾਰਨ,ਜੂਨੀਅਰ ਇੰਜੀਨੀਅਰ ਐਸੋਸੀਏਸ਼ਨ ਤੋਂ ਜਗਤਾਰ ਸਿੰਘ,ਟੀ.ਐਸ.ਯੂ ਤੋਂ ਰਘਵੀਰ ਸਿੰਘ,ਕਰਮਜੀਤ ਸਿੰਘ ,ਨਿਰਭੈ ਸਿੰਘ,ਲਖਵਿੰਦਰ ਸਿੰਘ ਮਾਨ,ਕੁਲਦੀਪ ਅੱਕਾਵਾਲੀ,ਨਿਰਭੈ ਸਿੰਘ ਜਰਗ ਘਨੌਰ ਆਦਿ ਹਾਜ਼ਰ ਸਨ ।

ਰੋਜ਼ਾਨਾ ਲੋਕ ਬਾਣੀ www.lokbani

# ਹਾਈ ਕੋਰਟ ਨੇ ਬਿਜਲੀ ਮੁਲਾਜਮਾਂ ਦੇ ਪੱਖ ਚ ਦਿੱਤਾ ਵੱਡਾ ਫੈਸਲਾ

## ਸੀ ਆਰ ਏ 295/19 ਤਹਿਤ ਰਹਿੰਦੇ ਸਹਾਇਕ ਲਾਈਨ ਮੈਨਾ ਨੂੰ ਤਜੁਰਬਾ ਸਰਟੀਫਿਕੇਟ ਤੋਂ ਰਾਹਤ ਦਿੰਦਿਆਂ ਭੱਤਿਆਂ ਸਮੇਤ ਤਨਖਾਹਾਂ ਜਾਰੀ ਕਰਨ ਦੇ ਕੀਤੇ ਆਦੇਸ਼



ਲੁਧਿਆਣਾ/ ਚੰਡੀਗੜ੍ਹ ( ਸੁਖਚੈਨ ਮਹਿਰਾ) ਮੁਲਾਜਮ ਸੰਘਰਸ਼ ਕਮੇਟੀ ਦੇ ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਹਰਿਆਣਾ ਚੰਡੀਗੜ੍ਹ ਹਾਈ ਕੋਰਟ ਨੇ ਅੱਜ ਬਿਜਲੀ ਮੁਲਾਜਮਾਂ ਦੇ ਪੱਖ ਚ ਇਤਿਹਾਸਕ ਫੈਸਲਾ ਦਿੱਤਾ ਹੈ। ਜਸਟਿਸ ਨਮਿਤ ਕੁਮਾਰ ਦੀ ਅਦਾਲਤ ਨੇ ਸੀ ਡਬਲਿਊ ਪੀ 13159 ਉੱਤੇ ਵੱਡਾ ਫੈਸਲਾ ਸੁਣਾਉਂਦਿਆਂ ਸੀ ਆਰ ਏ 295/19 ਤਹਿਤ ਭਰਤੀ 2806 ਚੋਂ ਰਹਿੰਦੇ 1341 ਸਹਾਇਕ ਲਾਈਨ ਮੈਨਾ ਦੇ ਤਜੁਰਬਾ ਸਰਟੀਫਿਕੇਟ ਨੂੰ ਸਹੀ ਮੰਨਦਿਆਂ ਭੱਤਿਆਂ ਸਮੇਤ ਤਨਖਾਹਾਂ ਜਾਰੀ ਕਰਨ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਕਰੀਬ ਅੱਧਾ ਚੱਲੀ ਬਹਿਸ ਦੌਰਾਨ ਸਾਰੀਆਂ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਜਸਟਿਸ ਨਮਿਤ ਕੁਮਾਰ ਵੱਲੋਂ ਏਹ ਫੈਸਲਾ ਲਿਆ ਗਿਆ। ਜਿਕਰਯੋਗ ਹੈ ਕਿ 1465 ਸਹਾਇਕ ਲਾਈਨ ਮੈਨਾ ਜਿਨ੍ਹਾਂ ਚ 906 ਬਿਨਾਂ ਤਜੁਰਬੇ ਵਾਲੇ ਹਨ ਨੂੰ ਪਹਿਲਾਂ ਹੀ ਸਾਰੇ ਭੱਤਿਆਂ ਸਮੇਤ ਪੂਰੀਆਂ ਤਨਖਾਹਾਂ ਮਿਲ ਚੁੱਕੀਆਂ ਹਨ। ਮੁਲਾਜਮ ਸੰਘਰਸ਼ ਕਮੇਟੀ ਦੇ ਕਨਵੀਨਰ ਹਰਪ੍ਰੀਤ ਸਿੰਘ ਖਾਲਸਾ ਅਤੇ ਜਨਰਲ ਸਕੱਤਰ ਸੁਰਿੰਦਰ ਸਿੰਘ ਧਰਾਗਵਾਲਾ ਨੇ ਸਾਰੇ ਸਹਾਇਕ ਲਾਈਨ ਮੈਨਾ ਨੂੰ ਵਧਾਈ ਦਿੰਦਿਆਂ ਇਸ ਸੰਘਰਸ਼ ਵਿੱਚ ਸਾਥ ਦੇਣ ਵਾਲੀਆਂ ਸਮੁੱਚੀਆਂ ਮੁਲਾਜਮ ਤੇ ਭਰਾਤਰੀ ਜੱਥੇਬੰਦੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਕਾਨੂੰਨ ਉੱਤੇ ਪੂਰਾ ਭਰੋਸਾ ਸੀ ਅੱਜ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਅਜੇ ਵੀ ਸਾਡੇ 25 ਹੋਰ ਸਾਥੀ ਬੇਕਸੂਰ ਹਨ ਜਿਨ੍ਹਾਂ ਦੇ ਲਈ ਮੁਲਾਜਮ ਸੰਘਰਸ਼ ਕਮੇਟੀ ਭਰਾਤਰੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਲੜਾਈ ਲੜੇਗੀ। ਉਨ੍ਹਾਂ ਪਰਮਾਤਮਾ ਦੇ ਨਾਲ ਮਾਨਯੋਗ ਜੱਜ ਸਾਹਿਬਾਨ, ਪੰਜਾਬ ਦੇ ਮੁੱਖ ਮੰਤਰੀ ਅਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਦਾ ਧੰਨਵਾਦ ਕੀਤਾ। ਇਸ ਮੌਕੇ ਬਲਵਿੰਦਰ ਸਿੰਘ ਰਾਮਗੜ੍ਹ, ਮੁਕੇਸ਼ ਬੈਂਸ, ਜਸਪਾਲ ਸਿੰਘ ਬਿੱਟੂ, ਸੁਰਿੰਦਰ ਸਿੰਘ ਸਰਪੰਚ, ਰੁਪਿੰਦਰ ਸਿੰਘ ਕਹਿਰੂ, ਮਨਜੀਤ ਸਿੰਘ ਲੱਡਾ, ਜਰਨੈਲ ਸਿੰਘ ਰੋਪੜ, ਹਰਪ੍ਰੀਤ ਸਿੰਘ, ਬਹਾਦਰ ਸਿੰਘ ਲੁਧਿਆਣਾ, ਅੰਮ੍ਰਿਤ ਪਾਲ ਸਿੰਘ ਜੱਸੋ ਮਾਜਰਾ ਅਤੇ ਹੋਰ ਹਾਜਰ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਪਿੰਡ ਚੱਕ ਸਿੰਘਾ ਵਿਖੇ ਅੱਜ ਹੋਣ ਵਾਲਾ ਗੁਰਮਤਿ ਸਮਾਗਮ ਗੁਰੂ ਅਮਰਦਾਸ ਜੀ ਦੇ ਸ਼ਤਾਬਦੀ ਪੁਰਬ ਨੂੰ ਕੀਤਾ ਜਾਵੇਗਾ ਸਮਰਪਿਤ




ਸਹੀਦ ਭਗਤ ਸਿੰਘ ਨਗਰ (ਰਮੇਸ਼ ਸਰਮਾ/ਮਨਪ੍ਰੀਤ ਵਾਸੂ)ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮਾਂ ਦੀ ਲੜੀ ਦਾ ਚੌਥਾ ਸਮਾਗਮ ਅੱਜ (ਮਿਤੀ 18-09-2024 ਦਿਨ ਬੁੱਧਵਾਰ) ਨੂੰ ਗੁਰਦੁਆਰਾ ਦਮਦਮਾ ਸਾਹਿਬ ਪਿੰਡ ਚੱਕ ਸਿੰਘਾ ਵਿਖੇ ਸ਼ਾਮ 06:00 ਤੋਂ ਰਾਤ 09:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਸਮੁੱਚੇ ਸਿੱਖ ਜਗਤ ਵਲੋਂ ਅੱਜ ਹੀ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦਾ 450 ਸਾਲਾ ਜੋਤੀ ਜੋਤ ਪੁਰਬ ਵੀ ਸ਼ਤਾਬਦੀ ਸਮਾਗਮ ਦੇ ਰੂਪ ਵਿਚ ਸੰਸਾਰ ਭਰ ਵਿਚ ਮਨਾਇਆ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦੇ ਹੋਏ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਪਿੰਡ ਚੱਕ ਸਿੰਘਾ ਵਿਖੇ ਅੱਜ ਹੋਣ ਵਾਲਾ ਸਮਾਗਮ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਪੁਰਬ ਨੂੰ ਸਮਰਪਿਤ ਕੀਤਾ ਜਾਵੇਗਾ। ਅੱਜ ਦੇ ਸਮਾਗਮ ਦੌਰਾਨ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਜੀ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਪ੍ਰਿੰਸੀਪਲ ਚਰਨਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ ਅਨੰਦਪੁਰ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਇਤਿਹਾਸ, ਉਹਨਾਂ ਵੱਲੋਂ ਦਿੱਤੇ ਗਏ ਉਪਦੇਸ਼ਾਂ ਅਤੇ ਦਰਸਾਏ ਗਏ ਮਾਰਗ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਣਗੇ। ਓਨਾਂ ਦੱਸਿਆ ਕਿ ਨਵਾਂਸ਼ਹਿਰ ਅਤੇ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਇਸ ਸਮਾਗਮ ਵਿਚ ਹਾਜਰੀਆਂ ਭਰਨਗੀਆਂ। ਨਵਾਂਸ਼ਹਿਰ ਤੋਂ ਪਿੰਡ ਚੱਕ ਸਿੰਘਾ ਜਾਣ ਵਾਸਤੇ ਬੱਸਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਉਨਾ ਨੇ ਸੰਗਤਾਂ ਨੂੰ ਸਮਾਗਮ ਵਿਚ ਵੱਧ ਚੜ ਕੇ ਹਾਜਰੀਆਂ ਭਰਨ ਦੀ ਅਪੀਲ ਕੀਤੀ।ਇਸ ਮੌਕੇ ਉਨਾਂ ਨਾਲ ਦੀਦਾਰ ਸਿੰਘ ਗਹੂੰਣ, ਜਗਦੀਪ ਸਿੰਘ, ਕੁਲਜਿੰਦਰਜੀਤ ਸਿੰਘ ਸੋਢੀ ਅਤੇ ਤਰਸੇਮ ਸਿੰਘ ਵੀ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਇਸਲਾਮੀਆ ਗਰਲਜ਼ ਕਾਲਜ ਵਿਖੇ ਹਿੰਦੀ ਦਿਵਸ ਮੌਕੇ ਭਾਸ਼ਣ, ਕਵਿਤਾ ਤੇ ਚਾਰਟ ਮੁਕਾਬਲੇ ਕਰਵਾਏ ਗਏ



ਮਾਲੇਰਕੋਟਲਾ ( ਕਿਮੀ ਅਰੋੜਾ,ਅਸਲਮ ਨਾਜ਼) ਪੰਜਾਬ ਵਕਫ਼ ਬੋਰਡ ਦੇ ਪ੍ਰਬੰਧਾਂ ਅਧੀਨ ਚੱਲ ਰਹੇ ਸਥਾਨਕ ਇਸਲਾਮੀਆ ਗਰਲਜ਼ ਕਾਲਜ ਵਿਖੇ ਪ੍ਰਿੰਸੀਪਲ ਡਾ.ਰਾਹਿਲਾ ਦੀ ਦੇਖ ਰੇਖ ਹੇਠ ਹਿੰਦੀ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਰਾਸ਼ਟਰੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਕਾਲਜ ਚ ਵਿਦਿਆਰਥਣਾਂ ਦੇ ਭਾਸ਼ਣ ਮੁਕਾਬਲੇ, ਕਵਿਤਾ ਮੁਕਾਬਲੇ ਤੇ ਚਾਰਟ ਮੁਕਾਬਲੇ ਕਰਵਾਏ ਗਏ, ਜਿਸ ਚ ਬੀ.ਏ ਦੀਆਂ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਭਾਗ ਲਿਆ। ਚਾਰਟ ਮੁਕਾਬਲੇ ਚ ਇਕਰਾ ਨੇ ਪਹਿਲਾ, ਸਿਮਰਨ ਨੇ ਦੂਜਾ, ਜੋਇਆ ਤੇ ਮਹਿਰੂਨ ਨਿਸ਼ਾ ਨੇ ਤੀਜਾ, ਭਾਸ਼ਣ ਮੁਕਾਬਲੇ ਚ ਫਾਤਿਮਾ ਨੇ ਪਹਿਲਾ, ਨਾਹਿਦਾ ਨੇ ਦੂਜਾ ਤੇ ਇਕਰਾ ਮਹਿਰੂਨ ਨਿਸ਼ਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਜਦਕਿ ਕਵਿਤਾ ਮੁਕਾਬਲੇ ਚ ਨਿਸਾ ਪ੍ਰਵੀਨ ਨੇ ਪਹਿਲਾ, ਅਕਸ਼ਾ ਨੇ ਦੂਜਾ, ਇਕਰਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ.ਰਾਹਿਲਾ ਨੇ ਕਿਹਾ ਕਿ ਹਿੰਦੀ ਦਿਵਸ ਹਰ ਸਾਲ 14 ਸਤੰਬਰ ਨੂੰ ਪੂਰੇ ਜੋਸ਼ ਨਾਲ ਭਾਰਤ ਵਿਚ ਮਨਾਇਆ ਜਾਂਦਾ ਹੈ। ਬੀਤੇ ਸਮੇਂ ਵਿਚ 14 ਸਤੰਬਰ 1949 ਨੂੰ ਸੰਵਿਧਾਨ ਸਭਾ ਨੇ ਫ਼ੈਸਲਾ ਲਿਆ ਕਿ ਹਿੰਦੀ ਕੇਂਦਰ ਸਰਕਾਰ ਦੀ ਇੱਕ ਅਧਿਕਾਰਿਕ ਭਾਸ਼ਾ ਹੋਵੇਗੀ ਕਿਉਂਕਿ ਭਾਰਤ ਦੇ ਜ਼ਿਆਦਾਤਰ ਖੇਤਰਾਂ ਚ ਹਿੰਦੀ ਭਾਸ਼ਾ ਬੋਲੀ ਜਾਂਦੀ ਹੈ ਅਤੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਦਿੱਤਾ ਗਿਆ। ਹਿੰਦੀ ਨੂੰ ਹਰ ਖੇਤਰ ਵਿਚ ਪ੍ਰਸਾਰਿਤ ਕਰਨ ਲਈ 1953 ਤੋਂ ਪੂਰੇ ਭਾਰਤ ਵਿਚ 14 ਸਤੰਬਰ ਹਿੰਦੀ ਦਿਵਸ ਦੇ ਰੂਪ ਚ ਮਨਾਇਆ ਜਾਂਦਾ ਹੈ। ਇਸ ਸਮਾਗਮ ਚ ਪ੍ਰਿੰਸੀਪਲ ਡਾ.ਰਾਹਿਲਾ ਤੋਂ ਇਲਾਵਾ ਸਮੂਹ ਸਟਾਫ ਅਤੇ ਹਿੰਦੀ ਦਿਵਸ ਦੇ ਇੰਚਾਰਜ ਗੁਰਪ੍ਰੀਤ ਕੌਰ ਤੇ ਕਾਲਜ ਦੇ ਬੱਚੇ ਸ਼ਾਮਲ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਮਲਟੀਮੀਡੀਆ ਹਾਲ ਵਿੱਚ ਸ਼੍ਰੀਮਤੀ ਸਿਕੰਦਰਾ ਦੇਵੀ ਦੀ ਤਸਵੀਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਸਾਂਝ ਕੇਂਦਰ ਲਾਹੌਰੀ ਗੇਟ ਵਿਖੇ ਮੁਫ਼ਤ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਆਯੋਜਿਤ ਲਗਾਈ

ਰੋਜ਼ਾਨਾ ਲੋਕ ਬਾਣੀ www.lokbani




ਪਟਿਆਲਾ(ਲੋਕ ਬਾਣੀ)

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮੈਡਮ ਰੁਪਿੰਦਰਜੀਤ ਚਹਿਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ ਅਤੇ ਮੈਡਮ ਮਾਨੀ ਅਰੋੜਾ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਦੇਖ-ਰੇਖ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਇੱਕ ਮੁਫ਼ਤ ਕਾਨੂੰਨੀ ਜਾਗਰੂਕਤਾ ਸੈਮੀਨਾਰ ਸਾਂਝ ਕੇਂਦਰ ਲਾਹੌਰੀ ਗੇਟ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ।

ਇਸ ਮੌਕੇ ਉੱਘੇ ਸਮਾਜਸੇਵੀ ਵਾਤਾਵਰਨ ਤੇ ਕਲਾ ਪ੍ਰੇਮੀ ਭਗਵਾਨ ਦਾਸ ਗੁਪਤਾ ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਅਤੇ ਸਰਪ੍ਰਸਤ ਰੈਡ ਕਰਾਸ ਸੁਸਾਇਟੀ ਪਟਿਆਲਾ ਨੇ ਅਧਿਆਪਕਾਂ, ਵਿਦਿਆਰਥੀਆਂ ਅਤੇ ਓਹਨਾਂ ਦੇ ਮਾਪਿਆਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ, ਲੋਕ ਅਦਾਲਤਾਂ ਦੇ ਲਾਭ, ਸਥਾਈ ਲੋਕ ਅਦਾਲਤ ( ਜਨ ਉਪਯੋਗਤਾ ਸੇਵਾਵਾਂ ) ਬਾਰੇ ਜਾਗਰੂਕ ਕੀਤਾ ।

ਪੈਰਾ ਲੀਗਲ ਵਲੰਟੀਅਰ ਭਗਵਾਨ ਦਾਸ ਗੁਪਤਾ ਨੇ ਹਾਜ਼ਰੀਨ ਨੂੰ ਅਥਾਰਟੀ ਵਲੋਂ ਦਿੱਤੀਆਂ ਜਾਂਦੀਆਂ ਵੱਖ ਵੱਖ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਪੰਜਾਬ ਪੀੜਤ ਮੁਆਵਜ਼ਾ ਸਕੀਮ-2017 ਬਾਰੇ ਵਿਸਥਾਰ ਪੂਰਵਕ ਦੱਸਿਆ।

ਯੋਗਾ ਤੇ ਮੈਡੀਟੇਸ਼ਨ ਮਾਹਿਰ ਸੁਰੇਸ਼ ਸ਼ਰਮਾ ਅਤੇ ਹਰ ਹੱਥ ਕਲਮ ਤੋਂ ਸਮਾਜ ਸੇਵਿਕਾ ਯੋਗਿਤਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਇੰਚਾਰਜ ਸਾਂਝ ਕੇਂਦਰ ਸਬ ਇੰਸਪੈਕਟਰ ਜਸਪਾਲ ਸਿੰਘ ਰਾਸ਼ਟਰਪਤੀ ਐਵਾਰਡੀ ਨੇ ਧੰਨਵਾਦੀ ਸ਼ਬਦ ਬੋਲਦਿਆਂ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਲਈ ਪੌਦੇ ਲਗਾਉਣ ਤੇ ਜ਼ੋਰ ਦਿੱਤਾ।

ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਫ਼ਲਦਾਰ ਅਤੇ ਆਯੁਰਵੈਦਿਕ ਪੌਦੇ ਵੀ ਲਗਾਏ ਗਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਿਸ.ਯੋਗਿਤਾ,ਪੂਰਨ ਸਿੰਘ ਸੁਰੇਸ਼ ਸ਼ਰਮਾ,ਸਕੂਲ ਸਟਾਫ਼, ਮਾਪੇ ਅਤੇ ਸਮੂੰਹ ਵਿਦਿਆਰਥੀ ਹਾਜ਼ਰ ਸਨ।

ਫੋਟੋ ਕੈਪਸ਼ਨ: ਪੈਰਾ ਲੀਗਲ ਵਲੰਟੀਅਰ ਉੱਘੇ ਸਮਾਜ ਸੇਵੀ ਭਗਵਾਨ ਦਾਸ ਗੁਪਤਾ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ, ਨਾਲ ਐਸ. ਆਈ ਜਸਪਾਲ ਸਿੰਘ,ਯੋਗਿਤਾ ਅਤੇ ਹੋਰ।

# ਵਿਸ਼ਾਲ ਮਿਸ਼ਰਾ ਨੇ ਦਿਲੋਂ ਹਿੱਟ ਦੇ ਬਹੁਤ ਹੀ ਉਮੀਦ ਕੀਤੇ ਸੀਕਵਲ ਦਾ ਪਰਦਾਫਾਸ਼ ਕੀਤਾ: ਆਜ ਭੀ 2'

(ਲੋਕ ਬਾਣੀ) ਮਸ਼ਹੂਰ ਗਾਇਕ ਅਤੇ ਸੰਗੀਤਕਾਰ ਵਿਸ਼ਾਲ ਮਿਸ਼ਰਾ ਆਪਣੀ ਤਾਜ਼ਾ ਰਿਲੀਜ਼, ਆਜ ਭੀ 2' ਨਾਲ ਦਿਲਾਂ ਨੂੰ ਮੋਹ ਲੈਣ ਲਈ ਵਾਪਸ ਆ ਗਏ ਹਨ। 2020 ਦੇ ਹਿੱਟ ਆਜ ਭੀ ਦਾ ਬਹੁਤ-ਉਡੀਕ ਸੀਕਵਲ, ਰੂਹ ਨੂੰ ਸਕੂਨ ਦੇਣ ਵਾਲਾ ਅਨੁਭਵ ਪੇਸ਼ ਕਰਦੇ ਹੋਏ, ਨੁਕਸਾਨ ਅਤੇ ਦਿਲ ਟੁੱਟਣ ਦੀਆਂ ਭਾਵਨਾਵਾਂ ਨੂੰ ਡੂੰਘਾਈ ਨਾਲ ਪੇਸ਼ ਕਰਦਾ ਹੈ।ਆਜ ਭੀ 2' ਵਿਛੋੜੇ ਤੋਂ ਬਾਅਦ ਲੰਮੀ ਹੋਈ ਪੀੜ ਦੀ ਇੱਕ ਦਰਦਨਾਕ ਉਦਹਾਰਣ ਹੈ। ਕੌਸ਼ਲ ਕਿਸ਼ੋਰ ਦੇ ਦਿਲਕਸ਼ ਬੋਲਾਂ ਅਤੇ ਵਿਸ਼ਾਲ ਦੀ ਸੁਚੱਜੀ ਰਚਨਾ ਦੇ ਨਾਲ, ਇਹ ਗੀਤ ਉਨ੍ਹਾਂ ਲੋਕਾਂ ਨਾਲ ਗੂੰਜਦਾ ਹੈ ਜਿਨ੍ਹਾਂ ਨੇ ਗੁਆਚੇ ਹੋਏ ਪਿਆਰ ਦੀ ਘਾਟ ਦਾ ਅਨੁਭਵ ਕੀਤਾ ਹੈ। ਇਹ ਵਿਛੋੜੇ ਦੀ ਉਦਾਸੀ ਅਤੇ ਉਸ ਤੋਂ ਬਾਅਦ ਆਉਣ ਵਾਲੀਆਂ ਕੌੜੀਆਂ ਮਿੱਠੀਆਂ ਯਾਦਾਂ ਨੂੰ ਖ਼ੂਬਸੂਰਤੀ ਨਾਲ ਦਰਸਾਉਂਦਾ ਹੈ।

ਗੀਤ ਤੇ ਵਿਚਾਰ ਕਰਦੇ ਹੋਏ ਵਿਸ਼ਾਲ ਨੇ ਕਿਹਾ, ਮੈਂ ਆਮ ਤੌਰ ਤੇ ਸੀਕਵਲ ਲਈ ਨਹੀਂ ਹਾਂ, ਪਰ ਆਜ ਵੀ 2' ਬਣਾਉਣਾ ਸੀ। ਇਹ ਉਹਨਾਂ ਲਈ ਹੈ ਜੋ ਇੱਕ ਭਾਵਨਾ ਨਾਲ ਜਿਉਂਦੇ ਹਨ ਜੋ ਉਹ ਪ੍ਰਗਟ ਨਹੀਂ ਕਰ ਸਕਦੇ, ਜਿੱਥੇ ਵੀ ਜਾਂਦੇ ਹਨ ਇਸ ਦੇ ਦਰਦ ਨੂੰ ਚੁੱਕਦੇ ਹਨ. ਇਹ ਗੀਤ ਸਿਰਫ਼ ਦਿਲ ਟੁੱਟਣ ਬਾਰੇ ਨਹੀਂ ਹੈ; ਇਹ ਸਾਰੇ ਗੁਆਚੇ ਪਿਆਰਾਂ ਅਤੇ ਲੜੀਆਂ ਗਈਆਂ ਲੜਾਈਆਂ ਲਈ ਇੱਕ ਸਾਥੀ ਹੈ। ਮੈਨੂੰ ਉਮੀਦ ਹੈ ਕਿ ਇਹ ਤੁਹਾਨੂੰ ਠੀਕ ਕਰ ਦੇਵੇਗਾ।

ਵਿਸ਼ਾਲ ਦੀਆਂ ਪਿਛਲੀਆਂ ਹਿੱਟ ਫਿਲਮਾਂ ਜਿਵੇਂ ਪਹਿਲੇ ਭੀ ਮਾਈ; ਜਾਨਮ ਅਤੇ ਜ਼ਿਹਾਲ ਏ ਮੁਸਕੀਨ ਨੇ ਬਾਲੀਵੁੱਡ ਸੰਗੀਤ ਵਿੱਚ ਉਸਦੀ ਜਗ੍ਹਾ ਪੱਕੀ ਕੀਤੀ ਹੈ। ਪ੍ਰਸ਼ੰਸਕ ਬੇਸਬਰੀ ਨਾਲ ਆਜ ਭੀ 2' ਦੀ ਉਡੀਕ ਕਰ ਰਹੇ ਸਨ ਅਤੇ ਸ਼ੁਰੂਆਤੀ ਝਲਕ ਇੱਕ ਹੋਰ ਚਾਰਟ-ਟੌਪਿੰਗ ਸਫਲਤਾ ਦਾ ਸੁਝਾਅ ਦਿੰਦੇ ਹਨ।

ਰੋਜ਼ਾਨਾ ਲੋਕ ਬਾਣੀ www.lokbani

# ਮਾਸ ਮੀਡੀਆ ਵਿੰਗ ਵਲੋਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਫੁੱਟਬਾਲ ਟੂਰਨਾਮੈਂਟ ਵਿਚ ਸਿਹਤ ਪ੍ਰੋਗਰਾਮਾਂ ਸਬੰਧੀ ਜਾਗਰੂਕਤਾ

ਸਹੀਦ ਭਗਤ ਸਿੰਘ ਨਗਰ (ਰਮੇਸ਼ ਸਰਮਾ/ ਮਨਪ੍ਰੀਤ ਵਾਸੂ)ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਜਸਪ੍ਰੀਤ ਕੌਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਦਫ਼ਤਰ ਮਾਸ ਮੀਡੀਆ ਵਿੰਗ ਤੋਂ ਤਰਸੇਮ ਲਾਲ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਵਲੋਂ ਜੇ .ਐਸ਼. ਐਫ. ਐਚ. ਸੀਨੀਅਰ ਸੈਕੰਡਰੀ ਸਕੂਲ ਵਿੱਚ ਚੱਲ ਰਹੀਆਂ 68 ਵੀਆ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਦੇ ਫੁੱਟਬਾਲ ਟੂਰਨਾਮੈਂਟ ਵਿੱਚ ਸਿਹਤ ਪ੍ਰੋਗਰਾਮਾਂ ਸਬੰਧੀ ਜਾਗਰੂਕ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਤਰਸੇਮ ਲਾਲ ਨੇ ਦੱਸਿਆ ਕਿ ਅੱਜ 17 ਸਾਲ ਲੜਕੇ ਵਰਗ ਦੇ ਫੁੱਟਬਾਲ ਟੂਰਨਾਮੈਂਟ ਦੀ ਸ਼ੁਰੂਆਤ ਹੋਈ ਜਿਸ ਵਿੱਚ ਆਏਂ ਹੋਏ ਖਿਡਾਰੀਆਂ ਨੂੰ ਸਿਹਤ ਪ੍ਰੋਗਰਾਮਾਂ ਬਾਰੇ ਦਲਜੀਤ ਸਿੰਘ ਬੋਲਾਂ ਜੀ ਦੇ ਸਹਿਯੋਗ ਨਾਲ ਤਰਸੇਮ ਲਾਲ ਵਲੋਂ ਜਾਗਰੂਕ ਕੀਤਾ ਗਿਆ।ਜਿਸ ਵਿੱਚ ਦਲਜੀਤ ਸਿੰਘ ਬੋਲਾਂ ਜੀ ਨੇ ਕਿਹਾ ਕਿ ਖੇਡਾਂ ਖੇਡਣ ਨਾਲ ਜਿੱਥੇ ਬੱਚੇ ਸਿਹਤ ਮੰਦ ਰਹਿੰਦੇ ਹਨ ਉੱਥੇ ਬੱਚਿਆਂ ਦਾ ਸਰਬਪੱਖੀ ਵਿਕਾਸ ਵੀ ਹੁੰਦਾ ਹੈ।ਇਸ ਕਰਕੇ ਮਾਂ ਬਾਪ ਨੂੰ ਸਕੂਲ ਸਮੇਂ ਤੋਂ ਹੀ ਬੱਚਿਆਂ ਨੂੰ ਕੋਈ ਨਾਂ ਕੋਈ ਗੇਮ ਜ਼ਰੂਰ ਰਖਾਉਣੀ ਚਾਹੀਦੀ ਹੈ।ਇਸ ਮੌਕੇ ਸਿਹਤ ਪ੍ਰੋਗਰਾਮਾਂ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਤਰਸੇਮ ਲਾਲ ਨੇ ਕਿਹਾ ਕਿ ਜੇਕਰ ਆਪਾਂ ਸਿਹਤ ਵਿਭਾਗ ਦੀਆਂ ਦੱਸੀਆਂ ਹੋਈਆਂ ਹਿਦਾਇਤਾਂ ਅਨੁਸਾਰ ਚੱਲਾਂਗੇ ਤਾਂ ਅਸੀਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਬੱਚ ਸਕਦੇ ਹਾਂ।ਇਸ ਮੌਕੇ ਉਨ੍ਹਾਂ ਨੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿੰਦੇ ਹੋਏ ਖੇਡਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।ਇਸ ਦੇ ਨਾਲ ਹੀ ਉਨ੍ਹਾਂ ਨੇ ਡੈਗੂ ਜਾਗਰੂਕਤਾ ਮੁਹਿੰਮ ਤਹਿਤ ਪਾਣੀ ਖੜੇਗਾ ਜਿੱਥੇ ਮਲੇਰੀਆ ਅਤੇ ਡੇਗੂ ਫੈਲਾਉਣ ਵਾਲਾ ਮੱਛਰ ਪਲੇਗਾ ਉੱਥੇ ਤਹਿਤ ਸਿਹਤ ਸਿੱਖਿਆ ਦਿੱਤੀ।ਇਸ ਮੌਕੇ ਜ਼ਿਲ੍ਹਾ ਗੁਰਦਾਸਪੁਰ ਤੋਂ ਫੁੱਟਬਾਲ ਕੋਚ ਸੋਮ ਲਾਲ ,ਰਮਨ ਦੀਪ ਫੁੱਟਬਾਲ ਕੋਚ, ਪ੍ਰਦੀਪ ਕੁਮਾਰ ਫੁੱਟਬਾਲ ਕੋਚ, ਰੋਸ਼ਨ ਦੀਪ,ਸੈਮਸੀ, ਜਸ਼ਨਪ੍ਰੀਤ ਸਿੰਘ, ਵਿੱਕੀ,ਸਰਬਜੀਤ ਸਿੰਘ ਅਧਿਆਪਕ ,ਅਮਰਜੀਤ ਪੀ ਟੀ ਆਈ/ ਰੈਫ਼ਰੀ ਅਤੇ ਸਕੂਲ ਦੇ ਬੱਚਿਆਂ ਵਲੋਂ ਸੂਪਰਨ ਸਹਿਯੋਗ ਦਿੱਤਾ ਗਿਆ।




SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
82880 21797
82880 21798
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN • 56 Colleges & Schools • 200 Merit Positions • 125 Companies For Placements • 75 Academic Courses • 2000 Placements In 2022 - 2023 • 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565